## ਬੀ ਸੀ ਵਿਚਲੇ ਕਮਿਉਨਟੀ ਪੈਰੋਲ ਦਫਤਰਾਂ ਨਾਲ ਸੰਪਰਕ ਕਰਨ ਬਾਰੇ ਜਾਣਕਾਰੀ

**ਵੈਨਕੂਵਰ ਪੈਰੋਲ ਆਫਿਸ**
#401-877 Expo Boulevard, Vancouver BC, V6B 1K9
ਫੋਨ: 604-666-8004 ਫੈਕਸ: 604-666-2000

**ਨਿਊ ਵੈੱਸਟਮਿਨਸਟਰ ਪੈਰੋਲ ਆਫਿਸ**
600 Columbia Street, New Westminster BC, V3M 1A5
ਫੋਨ: 604-666-3731 ਫੈਕਸ: 604-666-0161

**ਐਬਟਸਫੋਰਡ ਪੈਰੋਲ ਆਫਿਸ**
#100-32544 George Ferguson Way, Abbotsford BC, V2T 4Y1
ਫੋਨ: 604-870-2730 ਫੈਕਸ: 604-870-2731

**ਚਿਲਾਵੈਕ ਪੈਰੋਲ ਆਫਿਸ**
45914 Rowat Avenue, Chilliwack BC, V2P 1J3
ਫੋਨ: 604-702-2255 ਫੈਕਸ: 604-702-4276

**ਵਰਨਨ ਪੈਰੋਲ ਆਫਿਸ**
#205-3101 32nd Avenue, Vernon BC, V1T 2M2
ਫੋਨ: 250-260-5000 ਫੈਕਸ: 250-260-5002

**ਕਲੋਨਾ ਪੈਰੋਲ ਆਫਿਸ**
#203-1635 Abbott Street, Kelowna BC, V1Y 1A9
ਫੋਨ: 250-470-5166 ਫੈਕਸ: 250-470-5173

**ਕੈਮਲੂਪਸ ਪੈਰੋਲ ਆਫਿਸ**
#200-175 2nd Avenue, Kamloops BC, V2C 5W1
ਫੋਨ: 250-851-4800 ਫੈਕਸ: 250-851-4809

**ਪ੍ਰਿੰਸ ਜੌਰਜ ਪੈਰੋਲ ਆਫਿਸ**
#201-280 Victoria Street, Prince George BC, V2L 4X3
ਫੋਨ: 250-561-5314 ਫੈਕਸ: 250-561-5537

**ਵਿਕਟੋਰੀਆ ਪੈਰੋਲ ਆਫਿਸ**
#323-816 Government Street, Victoria BC, V8W 1W9
ਫੋਨ: 250-363-3267 ਫੈਕਸ: 250-363-3260

**ਨਾਨਾਇਮੋ ਪੈਰੋਲ ਆਫਿਸ**
#104-60 Front Street, PO Box 4800, Nanaimo BC, V9R 5H7
ਫੋਨ: 250-754-0264 ਫੈਕਸ: 250-754-0266

**ਕੋਰਟਨੀ ਪੈਰੋਲ ਆਫਿਸ**
#207-420 Cumberland Road, Courtenay BC, V9N 2C4
ਫੋਨ: 250-338-2902 ਫੈਕਸ: 250-338-2761



ਸੰਪਰਕ ਕਰਨ ਬਾਰੇ ਜਾਣਕਾਰੀ

# ਫੈਡਰਲ ਕੋਰੈਕਸ਼ਨਜ਼ ਬਾਰੇ ਪਰਿਵਾਰਾਂ ਲਈ ਗਾਈਡ



**ਜੌਹਨ ਹੋਵਾਰਡ ਸੁਸਾਇਟੀ ਆਫ ਦਾ**
**ਲੋਅਰ ਮੇਨਲੈਂਡ ਆਫ ਬੀ ਸੀ**

**ਫੈਡਰਲ ਕੋਰੈਕਸ਼ਨਜ਼ ਬਾਰੇ ਪਰਿਵਾਰਾਂ ਲਈ ਗਾਈਡ**
ਇਨ੍ਹਾਂ ਦੇ ਸਹਿਯੋਗ ਨਾਲ ਤਿਆਰ ਕੀਤੀ ਗਈ:

ਜੌਹਨ ਹੋਵਾਰਡ ਸੁਸਾਇਟੀ ਆਫ ਦਾ ਲੋਅਰ ਮੇਨਲੈਂਡ ਆਫ ਬੀ ਸੀ

THE LAW FOUNDATION OF BRITISH COLUMBIA

**ਕੋਰੈਕਸ਼ਨਲ ਸਰਵਿਸ ਆਫ ਕੈਨੇਡਾ**

ਜੌਹਨ ਹੋਵਾਰਡ ਸੁਸਾਇਟੀ ਆਫ ਵਿਕਟੋਰੀਆ

United Way of the Lower Mainland

ਪ੍ਰਿੰਸ ਜੌਰਜ ਐਕਟੀਵੇਟਰਜ਼

## ਮੰਤਵ

**ਫੈਡਰਲ ਕੋਰੈਕਸ਼ਨਜ਼ ਬਾਰੇ ਪਰਿਵਾਰਾਂ ਲਈ ਗਾਈਡ**, ਉਨ੍ਹਾਂ ਮਰਦਾਂ ਅਤੇ ਔਰਤਾਂ ਦੇ ਪਰਿਵਾਰਾਂ ਦੇ ਮੈਂਬਰਾਂ ਨੂੰ ਆਮ ਜਾਣਕਾਰੀ ਦੇਣ ਲਈ ਤਿਆਰ ਕੀਤੀ ਗਈ ਹੈ ਜਿਹੜੇ ਬੀ ਸੀ ਵਿਚ ਫੈਡਰਲ ਸਜ਼ਾਵਾਂ ਭੁਗਤ ਰਹੇ ਹਨ। ਸਾਡਾ ਟੀਚਾ ਤੁਹਾਨੂੰ ਸੌਖੇ ਅਤੇ ਸਪਸ਼ਟ ਤਰੀਕੇ ਨਾਲ ਤਾਜ਼ੀ ਅਤੇ ਢੁਕਵੀਂ ਜਾਣਕਾਰੀ ਦੇਣਾ ਹੈ। ਇਸ ਦਾ ਮਕਸਦ ਤੁਹਾਨੂੰ ਕਾਨੂੰਨੀ ਸਲਾਹ ਦੇਣਾ ਨਹੀਂ ਹੈ ਜਾਂ ਤੁਹਾਡੇ ਜਾਂ ਤੁਹਾਡੇ ਪਰਿਵਾਰ ਦੇ ਮੈਂਬਰ ਦੀ ਹਰ ਹਾਲਤ ਬਾਰੇ ਗੱਲ ਕਰਨਾ ਨਹੀਂ ਹੈ।

ਸਾਨੂੰ ਆਸ ਹੈ ਕਿ ਇਸ ਨੂੰ ਪੜ੍ਹ ਕੇ ਤੁਸੀਂ ਸਿਸਟਮ ਤੋਂ ਜ਼ਿਆਦਾ ਵਾਕਫ ਹੋਵੋਗੇ, ਸਵਾਲ ਪੁੱਛਣ ਵਿਚ ਆਰਾਮਦੇਹ ਮਹਿਸੂਸ ਕਰੋਗੇ ਅਤੇ ਇਹ ਜਾਣੋਗੇ ਕਿ ਜਦੋਂ ਤੁਹਾਨੂੰ ਮਦਦ ਜਾਂ ਜ਼ਿਆਦਾ ਜਾਣਕਾਰੀ ਦੀ ਲੋੜ ਹੋਵੇ ਤਾਂ ਤੁਸੀਂ ਕਿਸ ਨਾਲ ਸੰਪਰਕ ਕਰ ਸਕਦੇ ਹੋ।

## ਮਾਨਤਾ

ਇਹ ਕਿਤਾਬਚਾ ਕੋਰੈਕਸ਼ਨਲ ਸਰਵਿਸ ਆਫ ਕੈਨੇਡਾ ਵਲੋਂ ਦਿੱਤੀ ਗਈ ਜਾਣਕਾਰੀ ਅਤੇ ਕੋਰੈਕਸ਼ਨਜ਼ (ਸੁਧਾਰ) ਨਾਲ ਸੰਬੰਧਿਤ ਵੱਖ ਵੱਖ ਧਿਰਾਂ ਨਾਲ ਕੀਤੀ ਗਈ ਗੱਲਬਾਤ ਦਾ ਅਕਸ ਦਿਖਾਉਂਦਾ ਹੈ ਜਿਸ ਵਿਚ ਪੈਰੋਲ 'ਤੇ ਰਿਹਾ ਹੋਣ ਵਾਲੇ, ਪਰਿਵਾਰ ਦੇ ਮੈਂਬਰ, ਜੇਲ੍ਹਾਂ ਦਾ ਸਟਾਫ, ਪੈਰੋਲ ਅਫਸਰ, ਜੌਹਨ ਹੋਵਾਰਡ ਸੁਸਾਇਟੀ ਦਾ ਸਟਾਫ, ਅਤੇ ਸੇਵਾਵਾਂ ਦੇਣ ਵਾਲੇ ਹੋਰ ਲੋਕ ਅਤੇ ਕਮਿਊਨਟੀ ਦੇ ਮੈਂਬਰ ਸ਼ਾਮਲ ਹਨ।

ਅਸੀਂ ਉਨ੍ਹਾਂ ਸਾਰੇ ਵਿਅਕਤੀਆਂ ਅਤੇ ਸੰਸਥਾਵਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਇਸ ਗਾਈਡ ਦੀ ਤਿਆਰੀ ਵਿਚ ਆਪਣਾ ਯੋਗਦਾਨ ਪਾਇਆ। ਤੁਹਾਡੀ ਮਦਦ, ਸੇਧ, ਅਤੇ ਸਹਾਇਤਾ ਦੀ ਪੇਸ਼ਕਸ਼ ਦਾ ਕੋਈ ਮੁੱਲ ਨਹੀਂ ਸੀ।

ਦਿਲ ਖੋਲ੍ਹ ਕੇ ਦਿੱਤੀ ਗਈ ਮਦਦ ਲਈ ਅਸੀਂ ਲਾਅ ਫਾਉਂਡੇਸ਼ਨ ਆਫ ਬ੍ਰਿਟਿਸ਼ ਕੋਲੰਬੀਆ ਦੇ ਖਾਸ ਤੌਰ 'ਤੇ ਧੰਨਵਾਦੀ ਹਾਂ।

**ਖੋਜ, ਲਿਖਤ ਅਤੇ ਡਿਜ਼ਾਇਨ:**

ਕਰਿਸਟੀ ਵਿਲਸਨ — ਐਂਡਰੀਆ ਗੋਮੇਜ਼
ਹਰਪ੍ਰੀਤ ਦੋਸਾਂਝ — ਟੋਮਸ ਲਿਨ

**ਸੰਚਾਲਨ ਕਮੇਟੀ:**

ਟਰੀਨਾ ਸਮਿੱਥ — ਇੰਦਰ ਮਾਡੋਕ
ਕੈਥੀ ਰੌਏ — ਮਾਰਜ ਵਾਈਟ





## ਬੀ ਸੀ ਵਿਚਲੀਆਂ ਫੈਡਰਲ ਜੇਲ੍ਹਾਂ ਨਾਲ ਸੰਪਰਕ ਕਰਨ ਬਾਰੇ ਜਾਣਕਾਰੀ

**ਫਰੇਜ਼ਰ ਵੈਲੀ ਇੰਸਟੀਚਿਊਸ਼ਨ ਫਾਰ ਵਿਮਨ (ਬਹੁ-ਪੱਧਰੀ ਸਕਿਊਰਟੀ)**
33344 King Road, Abbotsford, BC, V2S 6J5
ਫੋਨ: 604-851-6000 ਫੈਕਸ: 604-851-6039

**ਰੀਜਨਲ ਰਿਸੈਪਸ਼ਨ ਐਂਡ ਅਸਿਸਮੈਂਟ ਸੈਂਟਰ (ਬਹੁ-ਪੱਧਰੀ ਸਕਿਊਰਟੀ)**
33344 King Road, PO Box 3000, Abbotsford BC, V2S 4P4
ਫੋਨ: 604-870-7700 ਫੈਕਸ: 604-870-7746

**ਰੀਜਨਲ ਟ੍ਰੀਟਮੈਂਟ ਸੈਂਟਰ (ਬਹੁ-ਪੱਧਰੀ ਸਕਿਊਰਟੀ)**
33344 King Road, PO Box 3000, Abbotsford BC, V2S 4P4
ਫੋਨ: 604-870-7700 ਫੈਕਸ: 604-870-7746

**ਪੈਸੇਫਿਕ ਇੰਸਟੀਚਿਊਸ਼ਨ (ਬਹੁ-ਪੱਧਰੀ ਸਕਿਊਰਟੀ)**
33344 King Road, PO Box 3000, Abbotsford BC, V2S 4P4
ਫੋਨ: 604-870-7700 ਫੈਕਸ: 604-870-7746

**ਕੈਂਟ ਇੰਸਟੀਚਿਊਸ਼ਨ (ਵੱਧ ਤੋਂ ਵੱਧ ਸਕਿਊਰਟੀ)**
4732 Cemetery Road, PO Box 1500, Agassiz BC, V0M 1A0
ਫੋਨ: 604-796-2121 ਫੈਕਸ: 604-796-4500

**ਮੈਟਸਕੀ ਇੰਸਟੀਚਿਊਸ਼ਨ (ਦਰਮਿਆਨੀ ਸਕਿਊਰਟੀ)**
33344 King Road, PO Box 2500, Abbotsford BC, V2S 4P3
ਫੋਨ: 604-859-4841 ਫੈਕਸ: 604-850-8228

**ਮਾਊਨਟੇਨ ਇੰਸਟੀਚਿਊਸ਼ਨ (ਦਰਮਿਆਨੀ ਸਕਿਊਰਟੀ)**
4732 Cemetery Road, PO Box 1600, Agassiz BC, V0M 1A0
ਫੋਨ: 604-796-2231 ਫੈਕਸ: 604-796-1450

**ਮਿਸ਼ਨ ਇੰਸਟੀਚਿਊਸ਼ਨ (ਦਰਮਿਆਨੀ ਸਕਿਊਰਟੀ)**
8751 Stave Lake Road, PO Box 60, Mission BC, V2V 4L8
ਫੋਨ: 604-826-1231 ਫੈਕਸ: 604-820-5801

**ਵਿਲੀਅਮ ਹੈੱਡ ਇੰਸਟੀਚਿਊਸ਼ਨ (ਘੱਟ ਤੋਂ ਘੱਟ ਸਕਿਊਰਟੀ)**
6000 William Head Road,Victoria BC, V9C 0B5
ਫੋਨ: 250-391-7000 ਫੈਕਸ: 250-391-7005

**ਕਵਿੱਕਵੈਕਸਵੈਲਹਪ ਹੀਲਿੰਗ ਵਿਲੇਜ (ਘੱਟ ਤੋਂ ਘੱਟ ਸਕਿਊਰਟੀ)**
Harrison Mills, BC, V0M 1L0
ਫੋਨ: 604-796-1650 ਫੈਕਸ: 604-796-8431

**ਫਰਨਡੇਲ ਇੰਸਟੀਚਿਊਸ਼ਨ (ਘੱਟ ਤੋਂ ਘੱਟ ਸਕਿਊਰਟੀ)**
33737 Dewdney Trunk Road, PO Box 50, Mission BC, V2V 4L8
ਫੋਨ: 604-820-5720 ਫੈਕਸ: 604-820-5730

## ਕੁਝ ਆਮ ਵਰਤੇ ਜਾਂਦੇ ਸ਼ਬਦਾਂ ਦੀਆਂ ਪ੍ਰੀਭਾਸ਼ਾਵਾਂ (ਜਾਰੀ)

**ਕੋਰੈਕਸ਼ਨਲ ਪਲੈਨ (ਸੀ ਪੀ) ਜਾਰੀ**

- ਕੈਦੀ ਦੀਆਂ ਲੋੜਾਂ ਬਾਰੇ ਪਛਾਣ ਹੋ ਜਾਣ ਤੋਂ ਬਾਅਦ, ਇਨ੍ਹਾਂ ਲੋੜਾਂ ਨੂੰ ਪੂਰੀਆਂ ਕਰਨ ਵਾਲੇ ਪ੍ਰੋਗਰਾਮਾਂ ਅਤੇ ਇਲਾਜਾਂ ਵਿੱਚ ਹਿੱਸਾ ਲੈਣ ਦੀ ਕੈਦੀ ਤੋਂ ਆਸ ਰੱਖੀ ਜਾਂਦੀ ਹੈ।
- ਇਸ ਨੂੰ ਤਿਆਰ ਕਰਨ ਵਿਚ ਕੈਦੀ ਦੀ ਗੱਲ ਸੁਣੀ ਜਾਂਦੀ ਹੈ।
- ਕੈਦੀ ਤੋਂ ਇਹ ਆਸ ਰੱਖੀ ਜਾਂਦੀ ਹੈ ਕਿ ਉਹ ਆਪਣੀ ਸੁਧਾਰ ਦੀ ਵਿਉਂਤ ਪੂਰੀ ਕਰਨ ਲਈ ਮਿਹਨਤ ਕਰੇ ਅਤੇ ਉਸ ਦੀ ਤਰੱਕੀ 'ਤੇ ਨੇੜਿਉਂ ਨਿਗਰਾਨੀ ਰੱਖੀ ਜਾਂਦੀ ਹੈ।

**ਵਿਜ਼ਟਰਜ਼ ਸਕਰੀਨਿੰਗ ਬੋਰਡ (ਵੀ ਐੱਸ ਬੀ)**

- ਮਿਲਣ ਆਉਣ ਦੇ ਹੱਕਾਂ ਬਾਰੇ ਫੈਸਲਾ ਕਰਦਾ ਹੈ।
- ਉਨ੍ਹਾਂ ਕੇਸਾਂ 'ਤੇ ਵਿਚਾਰ ਕਰਨ ਲਈ ਹਫਤੇ ਵਿਚ ਇਕ ਵਾਰੀ ਮਿਲਦਾ ਹੈ ਜਿੱਥੇ ਮੁਲਾਕਾਤੀਆਂ ਨੂੰ ਆਉਣ ਤੋਂ ਨਾਂਹ ਕਰ ਦਿੱਤੀ ਗਈ ਸੀ।

**ਵਿਜ਼ਟਿੰਗ ਐਂਡ ਕੋਰਸਪੌਂਡੈਂਸ (ਵੀ ਐਂਡ ਸੀ)**

- ਕੈਦੀ ਦੀ ਸਾਰੀ ਡਾਕ ਵਿਜ਼ਟਿੰਗ ਐਂਡ ਕੋਰਸਪੌਂਡੈਂਸ ਸਟਾਫ ਵਲੋਂ ਚੈੱਕ ਕੀਤੀ ਜਾਂਦੀ ਹੈ।
- ਮੁਲਾਕਾਤਾਂ ਬੁੱਕ ਕਰਦਾ ਹੈ।
- ਕੈਦੀ ਦੀ ਫੋਨ ਲਿਸਟ ਦੀ ਪੁਸ਼ਟੀ ਕਰਦਾ ਹੈ।

**ਕਮਿਊਨਟੀ ਰੈਜ਼ੀਡੈਂਸ਼ੀਅਲ ਫਾਸਿਲਟੀ (ਸੀ ਆਰ ਐੱਫ)**

- ਸ਼ਰਤਾਂ ਨਾਲ ਰਿਹਾਈ ਵਾਲੇ ਪੈਰੋਲੀਆਂ ਲਈ ਰਿਹਾਇਸ਼ ਹੈ।
- ਗੈਰ-ਸਰਕਾਰੀ ਏਜੰਸੀ ਵਲੋਂ ਚਲਾਈ ਜਾਂਦੀ ਹੈ।
- ਉਸ ਵਿਅਕਤੀ ਲਈ ਘਰ ਹੈ ਜਿਹੜਾ ਕਮਿਊਨਟੀ ਵਿਚ ਮੂਵ ਹੋਣ ਲਈ ਲੋੜੀਂਦੇ ਜ਼ਿੰਦਗੀ ਦੇ ਹੁਨਰ ਸਿਖਦਾ ਹੈ।
- ਇਸ ਨੂੰ ਹਾਫਵੇਅ ਹਾਊਸ ਦੇ ਤੌਰ 'ਤੇ ਵੀ ਜਾਣਿਆ ਜਾਂਦਾ ਹੈ।

**ਕਮਿਊਨਟੀ ਕੋਰੈਕਸ਼ਨਲ ਸੈਂਟਰ (ਸੀ ਸੀ ਸੀ)**

- ਸ਼ਰਤਾਂ ਨਾਲ ਰਿਹਾਈ ਵਾਲੇ ਪੈਰੋਲੀਆਂ ਲਈ ਰਿਹਾਇਸ਼ ਹੈ ਜੋ ਕਿ ਕਮਿਊਨਟੀ ਰੈਜ਼ੀਡੈਂਸ਼ੀਅਲ ਫਾਸਿਲਟੀ ਵਾਲੀਆਂ ਸੇਵਾਵਾਂ ਹੀ ਦਿੰਦੀ ਹੈ ਪਰ ਇਹ ਕੋਰੈਕਸ਼ਨਲ ਸਰਵਿਸ ਆਫ ਕੈਨੇਡਾ ਵਲੋਂ ਚਲਾਈ ਜਾਂਦੀ ਹੈ।
- ਇਸ ਨੂੰ ਹਾਫਵੇਅ ਹਾਊਸ ਦੇ ਤੌਰ 'ਤੇ ਵੀ ਜਾਣਿਆ ਜਾਂਦਾ ਹੈ।





## ਵਿਸ਼ੇ-ਸੂਚੀ

**ਕੌਣ ਸ਼ਾਮਲ ਹਨ ਅਤੇ ਉਹ ਕੀ ਕਰਦੇ ਹਨ** ........ 5

**ਕਾਰਵਾਈ: ਜਦੋਂ ਮਰਦ ਅਪਰਾਧੀ ਜੇਲ੍ਹ ਜਾਂਦੇ ਹਨ ਤਾਂ ਕੀ ਹੁੰਦਾ ਹੈ?** ........ 6
**ਕਾਰਵਾਈ: ਜਦੋਂ ਅਪਰਾਧੀ ਔਰਤਾਂ ਜੇਲ੍ਹ ਜਾਂਦੀਆਂ ਹਨ ਤਾਂ ਕੀ ਹੁੰਦਾ ਹੈ?** ........ 9

**ਕੁਝ ਆਮ ਪੁੱਛੇ ਜਾਂਦੇ ਸਵਾਲ** ........ 11
- ਜੇ ਮੇਰੇ ਪਰਿਵਾਰ ਦੇ ਮੈਂਬਰ ਨੂੰ ਵੱਧ ਤੋਂ ਵੱਧ ਸਕਿਉਰਟੀ ਵਾਲੀ ਜੇਲ੍ਹ ਵਿਚ ਰੱਖਿਆ ਗਿਆ ਹੈ ਤਾਂ ਕੀ ਉਹ ਆਪਣੀ ਸਾਰੀ ਸਜ਼ਾ ਉੱਥੇ ਹੀ ਕੱਟੇਗਾ? ........ 11
- ਕੀ ਮੈਂ ਆਪਣੇ ਪਰਿਵਾਰ ਦੇ ਮੈਂਬਰ ਬਾਰੇ ਜੇਲ੍ਹ ਵਿਚ ਕਿਸੇ ਨਾਲ ਗੱਲ ਕਰ ਸਕਦਾ/ਸਕਦੀ ਹਾਂ? ........ 11
- ਕੋਈ ਕੈਦੀ ਬੈਂਕ ਅਕਾਊਂਟ ਕਿਵੇਂ ਖੋਲ੍ਹਦਾ ਹੈ? ........ 11
- ਲੌਕਡਾਊਨ ਕੀ ਹੈ? ........ 12
- ਕੋਈ ਕੈਦੀ ਟੈਲੀਫੋਨ ਕਾਲ ਕਿਵੇਂ ਕਰਦਾ ਹੈ? ........ 12
- ਮੈਂ ਕੈਦੀ ਨੂੰ ਚਿੱਠੀ ਕਿਵੇਂ ਭੇਜ ਸਕਦਾ/ਸਕਦੀ ਹਾਂ? ........ 12
- ਕੀ ਮੈਂ ਕੈਦੀ ਲਈ ਕੋਈ ਵੀ ਨਿੱਜੀ ਚੀਜ਼ ਛੱਡ ਸਕਦਾ/ਸਕਦੀ ਹਾਂ? ........ 13

**ਮਿਲਣ ਆਉਣ ਬਾਰੇ ਜਾਣਕਾਰੀ** ........ 13
- ਮੁਲਾਕਾਤਾਂ ਦੀਆਂ ਵੱਖ ਵੱਖ ਕਿਸਮਾਂ ਕਿਹੜੀਆਂ ਹਨ? ........ 13
- ਮੈਂ ਮਿਲਣ ਆਉਣਾ ਕਿਵੇਂ ਸ਼ੁਰੂ ਕਰ ਸਕਦਾ/ਸਕਦੀ ਹਾਂ? ........ 14
- ਮਿਲਣ ਆਉਣ ਦੌਰਾਨ ਮੈਂ ਕੀ ਉਮੀਦ ਰੱਖ ਸਕਦਾ/ਸਕਦੀ ਹਾਂ? ........ 14
- ਆਇਨ ਸਕੈਨਰ ਕੀ ਹੈ? ........ 15
- ਕੀ ਮੈਨੂੰ ਅੰਦਰ ਆਉਣ ਤੋਂ ਨਾਂਹ ਕੀਤੀ ਜਾ ਸਕਦੀ ਹੈ? ........ 15
- ਜੇ ਮੈਨੂੰ ਅੰਦਰ ਆਉਣ ਤੋਂ ਨਾਂਹ ਕਰ ਦਿੱਤੀ ਜਾਵੇ ਤਾਂ ਮੈਂ ਕੀ ਕਰ ਸਕਦਾ/ਸਕਦੀ ਹਾਂ? ........ 15
- ਜੇਲ੍ਹ ਵਿਚ ਆਉਣ ਵੇਲੇ ਕਿਸ ਤਰ੍ਹਾਂ ਦੇ ਕੱਪੜੇ ਨਹੀਂ ਪਾਏ ਜਾਣੇ ਚਾਹੀਦੇ? ........ 16
- ਜੇ ਮੈਂ ਸ਼ਹਿਰੋਂ ਬਾਹਰ ਤੋਂ ਮਿਲਣ ਆ ਰਿਹਾ/ਰਹੀ ਹੋਵਾਂ ਤਾਂ ਮੈਂ ਕਿੱਥੇ ਰਹਿ ਸਕਦਾ/ਸਕਦੀ ਹਾਂ? ........ 16

**ਜੇਲ੍ਹ ਵਿਚ ਨਸ਼ੇ** ........ 17
- ਜੇਲ੍ਹ ਵਿਚ ਨਸ਼ਿਆਂ ਦਾ ਕੀ ਮੁੱਲ ਹੈ? ........ 17
- ਜੇ ਮੈਨੂੰ ਜੇਲ੍ਹ ਵਿਚ ਨਸ਼ੇ ਲਿਆਉਣ ਲਈ ਆਖਿਆ ਜਾਵੇ ਤਾਂ ਮੈਂ ਕੀ ਕਰਾਂ? ........ 17
- ਜੇ ਮੈਂ ਜੇਲ੍ਹ ਨੂੰ ਨਸ਼ੇ ਲਿਆਉਂਦਾ ਫੜਿਆ/ਲਿਆਉਂਦੀ ਫੜੀ ਜਾਵਾਂ ਤਾਂ ਕੀ ਹੋਵੇਗਾ? ........ 17
- ਜੇ ਮੈਂ ਨਸ਼ੇ ਲਿਆਉਣ ਲਈ ਦਬਾਅ ਪਾਏ ਜਾਣ ਬਾਰੇ ਦੱਸਾਂ ਤਾਂ ਕੀ ਹੋਵੇਗਾ? ........ 17
- ਜੇ ਕੋਈ ਕੈਦੀ ਬਲੈਕਮੇਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਜਾਂ ਡਰਾਉਣ-ਧਮਕਾਉਣ ਵਾਲੇ ਤਰੀਕੇ ਵਰਤ ਰਿਹਾ ਹੈ ਤਾਂ ਉਸ ਦਾ ਕੀ ਹੋਵੇਗਾ? ........ 18

ਵਿਸ਼ੇ-ਸੂਚੀ

## ਵਿਸ਼ੇ-ਸੂਚੀ (ਜਾਰੀ)


**ਪੈਰੋਲ ਬਾਰੇ ਜਾਣਕਾਰੀ** .......... 18
- ਪੈਰੋਲ ਕੀ ਹੈ? .......... 18
- ਕਿਸੇ ਵਿਅਕਤੀ ਨੂੰ ਪੈਰੋਲ ਕਿਵੇਂ ਮਿਲਦੀ ਹੈ? .......... 18
- ਕੋਈ ਜਣਾ ਪੈਰੋਲ ਲਈ ਅਪਲਾਈ ਕਰਨ ਦੇ ਕਦੋਂ ਯੋਗ ਹੁੰਦਾ ਹੈ? .......... 19
- ਮੈਂ ਪੈਰੋਲ ਲੈਣ ਵਿਚ ਕਿਸੇ ਦੀ ਮਦਦ ਕਿਵੇਂ ਕਰ ਸਕਦਾ/ਸਕਦੀ ਹਾਂ? .......... 19
- ਰੈਜ਼ੀਡੈਂਸੀ ਕੰਡੀਸ਼ਨ ਕੀ ਹੈ? .......... 20
- ਰਿਹਾਈ/ਪੈਰੋਲ ਦੀਆਂ ਵੱਖੋ ਵੱਖਰੀਆਂ ਕਿਸਮਾਂ ਕਿਹੜੀਆਂ ਹਨ? .......... 20

**ਪ੍ਰੋਗਰਾਮ** .......... 22

**ਮਦਦ ਕਰਨ ਵਾਲੀਆਂ ਏਜੰਸੀਆਂ** .......... 23

**ਕੁਝ ਆਮ ਵਰਤੇ ਜਾਂਦੇ ਸ਼ਬਦਾਂ ਦੀਆਂ ਪ੍ਰੀਭਾਸ਼ਾਵਾਂ** .......... 24
- ਕੋਰੈਕਸ਼ਨਲ ਔਫੀਸਰ .......... 24
- ਇੰਸਟੀਚਿਊਸ਼ਨਲ ਪੈਰੋਲ ਔਫੀਸਰ .......... 24
- ਕਮਿਊਨਟੀ ਪੈਰੋਲ ਔਫੀਸਰ .......... 24
- ਸੈਕਸ਼ਨ ਸੁਪਰਵਾਈਜ਼ਰ .......... 24
- ਰੀਜਨਲ ਰਿਸੈਪਸ਼ਨ ਐਂਡ ਅਸਿਸਮੈਂਟ ਸੈਂਟਰ .......... 25
- ਪੈੱਨ ਪਲੇਸਮੈਂਟ .......... 25
- ਪੋਸਟ-ਸਨਟੈਂਸ ਕਮਿਊਨਟੀ ਅਸਿਸਮੈਂਟ .......... 25
- ਕੋਰੈਕਸ਼ਨਲ ਪਲੈਨ .......... 25
- ਵਿਜ਼ਟਰਜ਼ ਸਕਰੀਨਿੰਗ ਬੋਰਡ .......... 26
- ਵਿਜ਼ਟਿੰਗ ਐਂਡ ਕੋਰਸਪੌਂਡੈਂਸ .......... 26
- ਕਮਿਊਨਟੀ ਰੈਜ਼ੀਡੈਂਸ਼ੀਅਲ ਫਾਸਿਲਟੀ .......... 26
- ਕਮਿਊਨਟੀ ਕੋਰੈਕਸ਼ਨਲ ਸੈਂਟਰ .......... 26

**ਬੀ ਸੀ ਵਿਚਲੀਆਂ ਫੈਡਰਲ ਜੇਲ੍ਹਾਂ ਨਾਲ ਸੰਪਰਕ ਕਰਨ ਬਾਰੇ ਜਾਣਕਾਰੀ** .......... 27

**ਬੀ ਸੀ ਵਿਚਲੇ ਕਮਿਊਨਟੀ ਪੈਰੋਲ ਦਫਤਰਾਂ ਨਾਲ ਸੰਪਰਕ ਕਰਨ ਬਾਰੇ ਜਾਣਕਾਰੀ** .......... 28






## ਕੁਝ ਆਮ ਵਰਤੇ ਜਾਂਦੇ ਸ਼ਬਦਾਂ ਦੀਆਂ ਪ੍ਰੀਭਾਸ਼ਾਵਾਂ (ਜਾਰੀ)

**ਰੀਜਨਲ ਰਿਸੈਪਸ਼ਨ ਐਂਡ ਅਸਿਸਮੈਂਟ ਸੈਂਟਰ (ਆਰ ਆਰ ਏ ਸੀ)**
- ਫੈਡਰਲ ਅਪਰਾਧੀਆਂ ਦੀ ਅਸਿਸਮੈਂਟ ਅਤੇ ਇਲਾਜ ਦਾ ਸੈਂਟਰ ਹੈ।
- ਬੀ ਸੀ ਵਿਚ ਫੈਡਰਲ ਅਦਾਲਤਾਂ ਵਲੋਂ ਸਜ਼ਾਯਾਫਤਾ ਸਾਰੇ **ਮਰਦ** ਅਪਰਾਧੀ ਆਪਣੀ ਸਜ਼ਾ ਇੱਥੇ ਸ਼ੁਰੂ ਕਰਦੇ ਹਨ ਅਤੇ ਉਨ੍ਹਾਂ ਨੂੰ ਅਸਿਸਮੈਂਟ ਦੀ ਇਕ ਮੁਕੰਮਲ ਕਾਰਜ ਵਿਚ ਦੀ ਲੰਘਣਾ ਪੈਂਦਾ ਹੈ ਜਿਸ ਨੂੰ ਓਫੈਂਡਰ ਇਨਟੇਕ ਅਸਿਸਮੈਂਟ ਆਖਿਆ ਜਾਂਦਾ ਹੈ।
- ਸਾਰੇ **ਮਰਦ** ਅਪਰਾਧੀ ਰੀਜਨਲ ਰਿਸੈਪਸ਼ਨ ਐਂਡ ਅਸਿਸਮੈਂਟ ਸੈਂਟਰ ਵਿਖੇ ਜਾਣਕਾਰੀ ਲੈਂਦੇ ਹਨ।
- **ਔਰਤ** ਅਪਰਾਧਣਾਂ ਨੂੰ ਵੀ ਇਸ ਜੇਲ੍ਹ ਦੇ ਸਟਾਫ ਵਲੋਂ ਕੀਤੀ ਜਾਣ ਵਾਲੀ ਅਸਿਸਮੈਂਟ ਦੇ ਇਸ ਕਾਰਜ ਵਿਚ ਦੀ ਲੰਘਣਾ ਪੈਂਦਾ ਹੈ, ਪਰ ਉਨ੍ਹਾਂ ਨੂੰ ਫਰੇਜ਼ਰ ਵੈਲੀ ਇੰਸਟੀਚਿਊਸ਼ਨ ਵਿਚ ਰੱਖਿਆ ਜਾਂਦਾ ਹੈ।
- **ਔਰਤ** ਅਪਰਾਧਣਾਂ ਨੂੰ ਵੀ ਫਰੇਜ਼ਰ ਵੈਲੀ ਇੰਸਟੀਚਿਊਸ਼ਨ ਵਿਚ ਜਾਣਕਾਰੀ ਲੈਣੀ ਪੈਂਦੀ ਹੈ।

**ਪੈੱਨ ਪਲੇਸਮੈਂਟ**
- ਓਫੈਂਡਰ ਇਨਟੇਕ ਅਸਿਸਮੈਂਟ ਦੇ ਮੁੱਕਣ ਤੋਂ ਬਾਅਦ ਹੁੰਦੀ ਹੈ।
- ਉਦੋਂ ਹੁੰਦੀ ਹੈ ਜਦੋਂ ਕੈਦੀ ਨੂੰ ਉਸ ਜੇਲ੍ਹ ਵਿਚ ਭੇਜਿਆ ਜਾਂਦਾ ਹੈ ਜਿਹੜੀ ਉਸ ਦੀ ਸਕਿਊਰਟੀ ਦੀ ਦਰਜਾਬੰਦੀ ਅਤੇ ਪ੍ਰੋਗਰਾਮ ਲੋੜਾਂ ਪੂਰੀ ਕਰਦੀ ਹੈ।
- ਇਸ ਜੇਲ੍ਹ ਨੂੰ *ਮਦਰ ਜਾਂ ਪੇਰੈਂਟ ਇੰਸਟੀਚਿਊਸ਼ਨ* ਆਖਿਆ ਜਾਂਦਾ ਹੈ।

**ਪੋਸਟ-ਸਨਟੈਂਸ ਕਮਿਊਨਟੀ ਅਸਿਸਮੈਂਟ (ਪੀ ਐੱਸ ਸੀ ਏ)**
- ਕਮਿਊਨਟੀ ਪੈਰੋਲ ਅਫਸਰ ਵਲੋਂ ਮੁਕੰਮਲ ਕੀਤੀ ਜਾਣ ਵਾਲੀ ਰਿਪੋਰਟ ਹੈ।
- ਕਮਿਊਨਟੀ ਵਿਚਲੀ ਉਸ ਮਦਦ ਦੀ ਕਿਸਮ ਅਤੇ ਕੁਆਲਟੀ ਬਾਰੇ ਦੱਸਦੀ ਹੈ ਜਿਹੜੀ ਕੈਦੀ ਨੂੰ ਮਿਲਦੀ ਹੈ।
- ਇਸ ਵਿਚ ਕਮਿਊਨਟੀ ਪੈਰੋਲ ਅਫਸਰ ਇਹ ਪਤਾ ਲਾਉਣ ਲਈ ਕੈਦੀ ਦੇ ਨੇੜੇ ਦੇ ਲੋਕਾ ਨੂੰ ਨਿੱਜੀ ਤੌਰ 'ਤੇ ਮਿਲਦਾ ਹੈ ਕਿ ਉਨ੍ਹਾਂ ਵਲੋਂ ਕੀਤੀ ਜਾਣ ਵਾਲੀ ਮਦਦ ਦਾ ਕਿਹੜਾ ਪੱਧਰ ਹੈ।
- ਪੈਰੋਲ ਅਫਸਰ ਜਾਣਕਾਰੀ ਲੈਣ ਲਈ ਤੁਹਾਨੂੰ ਮਿਲ ਰਿਹਾ ਹੈ ਇਸ *ਕਰਕੇ ਉਨ੍ਹਾਂ ਵਲੋਂ ਸਵਾਲ ਪੁੱਛੇ ਜਾਣ ਦੀ ਉਮੀਦ ਰੱਖੋ।*
- ਇਹ ਕਮਿਊਨਟੀ ਪੈਰੋਲ ਅਫਸਰ ਲਈ ਕੈਦੀ ਦੇ ਪਿਛੋਕੜ ਅਤੇ ਨਿੱਜੀ ਜ਼ਿੰਦਗੀ ਬਾਰੇ ਮਹੱਤਵਪੂਰਨ ਜਾਣਕਾਰੀ ਇਕੱਠੀ ਕਰਨ ਦਾ ਮੌਕਾ ਹੁੰਦਾ ਹੈ।
- ਇਹ ਰਿਪੋਰਟ ਅਪਰਾਧੀ ਦੇ ਫੈਡਰਲ ਹਿਰਾਸਤ ਵਿਚ ਆਉਣ ਤੋਂ ਛੇਤੀ ਬਾਅਦ ਮੁਕੰਮਲ ਕੀਤੀ ਜਾਂਦੀ ਹੈ।

**ਕੋਰੈਕਸ਼ਨਲ ਪਲੈਨ (ਸੀ ਪੀ)**
- ਇਹ ਇਕ ਲੰਬੀ ਅਸਿਸਮੈਂਟ 'ਤੇ ਆਧਾਰਿਤ ਹੁੰਦੀ ਹੈ ਜੋ ਕਿ ਅਪਰਾਧੀ ਦੇ ਪਹਿਲੀ ਵਾਰੀ ਫੈਡਰਲ ਕੋਰੈਕਸ਼ਨਲ ਸਿਸਟਮ ਵਿਚ ਪਹੁੰਚਣ ਵੇਲੇ ਹੁੰਦੀ ਹੈ।
- ਇਸ ਦਾ ਮੰਤਵ ਇਹ ਪਤਾ ਲਾਉਣਾ ਹੁੰਦਾ ਹੈ ਕਿ ਕਿਹੜੇ ਕਾਰਨਾਂ ਕਰਕੇ ਉਹ ਮੁਜਰਮਾਨਾ ਵਰਤਾਉ ਹੋਇਆ ਹੋਵੇਗਾ ਜਿਸ ਦੀ ਉਸ ਨੂੰ ਸਜ਼ਾ ਮਿਲੀ ਹੈ।

## ਕੁਝ ਆਮ ਵਰਤੇ ਜਾਂਦੇ ਸ਼ਬਦਾਂ ਦੀਆਂ ਪ੍ਰੀਭਾਸ਼ਾਵਾਂ

ਫੈਡਰਲ ਕੋਰੈਕਸ਼ਨਲ ਸਿਸਟਮ ਵਿਚ ਬਹੁਤ ਸਾਰੇ ਸ਼ਬਦ ਵਰਤ ਜਾਂਦੇ ਹਨ। ਇਹ ਮੁਕੰਮਲ ਲਿਸਟ ਨਹੀਂ ਹੈ ਪਰ ਅਸੀਂ ਉਨ੍ਹਾਂ ਕੁਝ ਆਮ ਵਰਤੇ ਜਾਂਦੇ ਸ਼ਬਦਾਂ ਨੂੰ ਬਿਆਨ ਕੀਤਾ ਹੈ ਜਿਹੜੇ ਤੁਹਾਨੂੰ ਸੁਣਾਈ ਦੇ ਸਕਦੇ ਹਨ।

**ਕੋਰੈਕਸ਼ਨਲ ਔਫੀਸਰ (ਸੀ ਐਕਸ)**
- ਜੇਲ੍ਹ ਦੀ ਸਕਿਉਰਟੀ, ਨਿਗਰਾਨੀ ਅਤੇ ਕੰਟਰੋਲ ਦਾ ਇਨਚਾਰਜ ਹੁੰਦਾ ਹੈ।
- ਜੇਲ੍ਹ ਦੇ ਨਿਯਮਾਂ ਅਤੇ ਕਾਨੂੰਨਾਂ ਨੂੰ ਲਾਗੂ ਕਰਦਾ ਹੈ।
- ਕੈਦੀ ਨਾਲ ਲਗਾਤਾਰ ਕੰਮ ਕਰਦਾ ਹੈ।

**ਇੰਸਟੀਚਿਊਸ਼ਨਲ ਪੈਰੋਲ ਔਫੀਸਰ (ਆਈ ਪੀ ਓ)**
- ਕੈਦੀ ਦੇ ਹਿਰਾਸਤ ਵਿਚ ਹੋਣ ਦੌਰਾਨ ਉਸ ਦੀ ਤਰੱਕੀ ਦੀ ਨਿਗਰਾਨੀ ਕਰਦਾ ਹੈ।
- ਅਜਿਹੇ ਪ੍ਰੋਗਰਾਮ ਅਤੇ ਇਲਾਜ ਦੀਆਂ ਚੋਣਾਂ ਤਿਆਰ ਕਰਦਾ ਹੈ ਜਿਹੜੇ ਕੈਦੀ ਦੇ ਮੁਜਰਮਾਨਾ ਵਤੀਰੇ ਨੂੰ ਸੁਧਾਰਨ ਵਿਚ ਮਦਦ ਕਰਦੇ ਹਨ।
- ਰਿਪੋਰਟਾਂ ਅਤੇ ਅਸਿਸਮੈਂਟਾਂ ਤਿਆਰ ਕਰਦਾ ਹੈ ਜਿਹੜੀਆਂ ਤਰੱਕੀ, ਰਿਹਾਈਆਂ, ਤਬਦੀਲੀਆਂ ਅਤੇ ਕਮਿਊਨਟੀ ਸੰਪਰਕਾਂ ਬਾਰੇ ਵਿਚਾਰ ਕਰਦੀਆਂ ਹਨ। ਇਨ੍ਹਾਂ ਅਸਿਸਮੈਂਟਾਂ ਨੂੰ ਮੁਕੰਮਲ ਕਰਨ ਲਈ ਇੰਸਟੀਚਿਊਸ਼ਨਲ ਪੈਰੋਲ ਅਫਸਰ ਸਾਇਕੋਲੋਜਿਸਟਾਂ, ਇਨਸਟੱਰਕਟਰਾਂ, ਪ੍ਰੋਗਰਾਮ ਦੇਣ ਵਾਲਿਆਂ, ਕੋਰੈਕਸ਼ਨਲ ਅਫਸਰਾਂ ਅਤੇ ਖੁਦ ਅਪਰਾਧੀ ਦੇ ਵਿਚਾਰਾਂ ਦੀ ਵਰਤੋਂ ਕਰਦਾ ਹੈ।

**ਕਮਿਉਨਟੀ ਪੈਰੋਲ ਔਫੀਸਰ (ਸੀ ਪੀ ਓ)**
- ਅਪਰਾਧੀ ਦੇ ਕਮਿਉਨਟੀ ਵਿਚ ਹੋਣ ਦੌਰਾਨ ਉਸ ਦੀ ਤਰੱਕੀ 'ਤੇ ਨਿਗਰਾਨੀ ਰੱਖਦਾ ਹੈ।
- ਅਜਿਹੀਆਂ ਰਿਪੋਰਟਾਂ ਅਤੇ ਅਸਿਸਮੈਂਟਾਂ ਤਿਆਰ ਕਰਦਾ ਹੈ ਜਿਹੜੀਆਂ ਅਪਰਾਧੀ ਦੀ ਕਮਿਉਨਟੀ ਵਿਚ ਤਰੱਕੀ 'ਤੇ ਵਿਚਾਰ ਕਰਦੀਆਂ ਹਨ। ਇਸ ਕਾਰਜ ਨੂੰ ਕੇਸ ਮੈਨੇਜਮੈਂਟ ਕਿਹਾ ਜਾਂਦਾ ਹੈ।
- ਅਪਰਾਧੀ ਦੀ ਜੇਲ੍ਹ ਤੋਂ ਬਾਹਰਲੀ ਜ਼ਿੰਦਗੀ ਵਿਚ ਮੁੜ ਕੇ ਸੂਤ ਬੈਠਣ ਵਿਚ ਮਦਦ ਕਰਨ ਦੇ ਨਾਲ ਨਾਲ ਜਨਤਾ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦਾ ਹੈ।

**ਸੈਕਸ਼ਨ ਸੁਪਰਵਾਈਜ਼ਰ**
- ਅਪਰਾਧੀ 'ਤੇ ਨਿਗ੍ਹਾ ਰੱਖਦੇ ਪੈਰੋਲ ਅਫਸਰਾਂ ਦੀ ਨਿਗਰਾਨੀ ਕਰਨ ਲਈ ਜ਼ਿੰਮੇਵਾਰ ਹੁੰਦਾ ਹੈ।
- ਪੈਰੋਲ ਅਫਸਰ ਵਲੋਂ ਤਿਆਰ ਕੀਤੇ ਗਏ ਪੇਪਰਾਂ ਦੀ ਸਮੁੱਚੀ ਕੁਆਲਟੀ 'ਤੇ ਨਿਗਰਾਨੀ ਰੱਖਦਾ ਹੈ।





## ਕੌਣ ਸ਼ਾਮਲ ਹਨ ਅਤੇ ਉਹ ਕੀ ਕਰਦੇ ਹਨ

**ਅਦਾਲਤਾਂ**

ਅਦਾਲਤਾਂ ਕੀਤੇ ਜੁਰਮ ਮੁਤਾਬਕ ਢੁਕਵੀਂਆਂ ਮੁਜਰਮਾਨਾ ਸਜ਼ਾਵਾਂ ਦਿੰਦੀਆਂ ਹਨ।

- ਜਿੱਥੇ ਕਿਸੇ ਵਿਅਕਤੀ ਦੇ ਜੁਰਮ ਅਤੇ/ਜਾਂ ਬੇਗੁਨਾਹੀ ਦਾ ਫੈਸਲਾ ਹੁੰਦਾ ਹੈ।
- ਜੇ ਦੋਸ਼ੀ ਪਾਇਆ ਜਾਵੇ ਤਾਂ ਜੱਜ ਸਜ਼ਾ ਦੀ ਲੰਬਾਈ ਦਾ ਫੈਸਲਾ ਕਰਦਾ ਹੈ।
- ਫੈਡਰਲ ਸਜ਼ਾ ਦੋ ਸਾਲ ਜਾਂ ਜ਼ਿਆਦਾ ਸਮੇਂ ਦੀ ਹੈ। ਇਸ ਦਾ ਮਤਲਬ ਹੈ ਕਿ ਵਿਅਕਤੀ ਹੁਣ ਕੋਰੈਕਸ਼ਨਲ ਸਰਵਿਸ ਆਫ ਕੈਨੇਡਾ ਦੀ ਸੰਭਾਲ ਹੇਠ ਹੈ।

**ਉਨ੍ਹਾਂ ਕੋਲ:**
- ਸਜ਼ਾ ਦੇਣ ਤੋਂ ਛੁੱਟ ਕੋਰੈਕਸ਼ਨਜ਼ (ਸੁਧਾਰ) ਵਿਚ ਨਿਭਾਉਣ ਲਈ ਕੋਈ ਰੋਲ ਨਹੀਂ ਹੁੰਦਾ।

---

**ਕੋਰੈਕਸ਼ਨਲ ਸਰਵਿਸ ਆਫ ਕੈਨੇਡਾ**

ਕੋਰੈਕਸ਼ਨਲ ਸਰਵਿਸ ਆਫ ਕੈਨੇਡਾ, ਕਰਿਮੀਨਲ ਜਸਟਿਸ ਸਿਸਟਮ ਦੇ ਹਿੱਸੇ ਵਜੋਂ ਅਤੇ ਕਾਨੂੰਨ ਦੀ ਪਾਲਣਾ ਕਰਦੇ ਹੋਏ, ਅਪਰਾਧੀਆਂ ਨੂੰ ਕਾਨੂੰਨ ਦੀ ਪਾਲਣਾ ਕਰਨ ਵਾਲੇ ਨਾਗਰਿਕ ਬਣਨ ਲਈ ਪ੍ਰੇਰਨਾ ਦੇ ਕੇ ਅਤੇ ਅਜਿਹਾ ਹੋਣ ਵਿਚ ਉਨ੍ਹਾਂ ਦੀ ਮਦਦ ਕਰਕੇ ਅਤੇ ਉਨ੍ਹਾਂ ਉੱਪਰ ਵਾਜਬ, ਸੁਰੱਖਿਅਤ, ਪੱਕਾ ਅਤੇ ਸਭਿਅਕ ਕੰਟਰੋਲ ਲਾਗੂ ਕਰਦੇ ਹੋਏ ਸਮਾਜ ਦੀ ਸੁਰੱਖਿਆ ਵਿਚ ਯੋਗਦਾਨ ਪਾਉਂਦੀ ਹੈ।

- ਉਨ੍ਹਾਂ ਲੋਕਾਂ ਦੀ ਸੁਰੱਖਿਆ, ਸਕਿਉਰਟੀ ਅਤੇ ਪ੍ਰਬੰਧ ਲਈ ਜ਼ਿੰਮੇਵਾਰ ਹੈ ਜਿਹੜੇ *ਦੋ ਸਾਲ ਜਾਂ ਜ਼ਿਆਦਾ* ਸਮੇਂ ਲਈ ਜੇਲ੍ਹ ਵਿਚ ਸਜ਼ਾਵਾਂ ਭੁਗਤ ਰਹੇ ਹਨ।
- ਇਹ ਸਰਵਿਸ, ਘੱਟ ਤੋਂ ਘੱਟ, ਦਰਮਿਆਨੀ ਅਤੇ ਵੱਧ ਤੋਂ ਵੱਧ ਸਕਿਉਰਟੀ ਪੱਧਰਾਂ ਦੀਆ ਸੰਸਥਾਵਾਂ ਨੂੰ ਚਲਾਉਣ ਦੇ ਨਾਲ ਨਾਲ ਬਹੁ-ਪੱਧਰੀ ਇਲਾਜ ਦੇ ਸੈਂਟਰ ਵੀ ਚਲਾਉਂਦੀ ਹੈ।
- *ਕੋਰੈਕਸ਼ਨਲ ਐਂਡ ਕੰਡੀਸ਼ਨਲ ਰਿਲੀਜ਼ ਐਕਟ* ਅਧੀਨ ਸੁਧਾਰ-ਘਰਾਂ ਅਤੇ ਕਮਿਉਨਟੀ ਵਿਚ ਰਹਿੰਦੇ ਫੈਡਰਲ ਅਪਰਾਧੀਆਂ (ਓਫੈਂਡਰਜ਼) ਦੀ ਨਿਗਰਾਨੀ ਕਰਦੀ ਹੈ।
- ਇਹ ਫੈਡਰਲ ਸਰਕਾਰ ਦਾ ਹਿੱਸਾ ਹੈ।
- ਉਨ੍ਹਾਂ ਪੱਖਾਂ ਦੇ ਸਬੰਧ ਵਿਚ ਪ੍ਰੋਗਰਾਮ ਅਤੇ ਇਲਾਜ ਦੀਆਂ ਸੇਵਾਵਾਂ ਦਿੰਦੀ ਹੈ ਜਿਹੜੇ ਮੁਜਰਮਾਨਾ ਵਤੀਰੇ ਵੱਲ ਲਿਜਾਂਦੇ ਹਨ।
- ਕਿਸੇ ਵਿਅਕਤੀ ਦੀ ਪੈਰੋਲ ਅਤੇ ਉਸ ਦੀ ਰਿਹਾਈ ਦੀਆਂ ਸ਼ਰਤਾਂ ਬਾਰੇ *ਸਿਫਾਰਸ਼ਾਂ* ਕਰਦੀ ਹੈ।

**ਉਨ੍ਹਾਂ ਕੋਲ:**
- ਕਿਸੇ ਵਿਅਕਤੀ ਦੀ ਮੁਜਰਮਾਨਾ ਸਜ਼ਾ ਨੂੰ ਵਧਾਉਣ ਜਾਂ ਘਟਾਉਣ ਦੀ ਤਾਕਤ ਨਹੀਂ ਹੈ।
- ਉਹ ਕਿਸੇ ਨੂੰ ਪੈਰੋਲ ਨਹੀਂ ਦੇ ਸਕਦੇ, ਪੈਰੋਲ ਤੋਂ ਨਾਂਹ ਨਹੀਂ ਕਰ ਸਕਦੇ ਜਾਂ ਪੈਰੋਲ ਰੱਦ ਨਹੀਂ ਕਰ ਸਕਦੇ।

## ਕੌਣ ਸ਼ਾਮਲ ਹਨ ਅਤੇ ਉਹ ਕੀ ਕਰਦੇ ਹਨ (ਜਾਰੀ)

**ਨੈਸ਼ਨਲ ਪੈਰੋਲ ਬੋਰਡ**

- ਕੋਲ ਪੈਰੋਲ ਦੇਣ ਜਾਂ ਦੇਣ ਤੋਂ ਨਾਂਹ ਕਰਨ ਦੀ ਤਾਕਤ ਹੈ।
- ਉਨ੍ਹਾਂ ਕੋਲ ਸ਼ਰਤਾ ਨਾਲ ਰਿਹਾਈ (ਕੰਡੀਸ਼ਨਲ ਰਿਲੀਜ਼) ਅਤੇ ਕੋਰੈਕਸ਼ਨਲ ਸਰਵਿਸ ਆਫ ਕੈਨੇਡਾ ਦੀ ਸੰਭਾਲ ਹੇਠਲੇ ਕਿਸੇ ਵਿਅਕਤੀ ਦੀ ਪੈਰੋਲ ਨੂੰ ਕੈਂਸਲ ਕਰਨ, ਖਤਮ ਕਰਨ ਜਾਂ ਰੱਦ ਕਰਨ ਦੀ ਤਾਕਤ ਹੈ।
- ਉਹ ਪੈਰੋਲੀ ਦੀ ਰਿਹਾਈ ’ਤੇ ਸ਼ਰਤਾਂ ਲਾਗੂ ਕਰ ਸਕਦੇ ਹਨ।

**ਉਨ੍ਹਾਂ ਕੋਲ:**

- ਕਿਸੇ ਵਿਅਕਤੀ ਦੀ ਮੁਜਰਮਾਨਾ ਸਜ਼ਾ ਨੂੰ ਘਟਾਉਣ ਜਾਂ ਵਧਾਉਣ ਦੀ ਤਾਕਤ ਨਹੀਂ ਹੈ।
- ਉਹ ਸ਼ਰਤਾਂ ਨਾਲ ਰਿਹਾਈ ਵਾਲੇ ਲੋਕਾਂ ਦੀ ਨਿਗਰਾਨੀ ਨਹੀਂ ਕਰ ਸਕਦੇ।

ਨੈਸ਼ਨਲ ਪੈਰੋਲ ਬੋਰਡ, ਕਰਿਮੀਨਲ ਜਸਟਿਸ ਸਿਸਟਮ ਦੇ ਹਿੱਸੇ ਵਜੋਂ, ਆਜ਼ਾਦ ਤੌਰ ’ਤੇ ਸ਼ਰਤਾਂ ’ਤੇ ਰਿਹਾਈ ਅਤੇ ਮੁਆਫੀ ਦੇ ਫੈਸਲੇ ਅਤੇ ਰਹਿਮ ਦੀਆਂ ਸਿਫਾਰਸ਼ਾਂ ਕਰਦਾ ਹੈ। ਬੋਰਡ, ਜਿਵੇਂ ਢੁਕਵਾਂ ਹੋਵੇ, ਅਪਰਾਧੀਆਂ ਦੀ, ਕਾਨੂੰਨ ਦੀ ਪਾਲਣਾ ਕਰਨ ਵਾਲੇ ਸ਼ਹਿਰੀਆਂ ਵਜੋਂ ਸਮੇਂ ਸਿਰ ਮੁੜ ਵਸਣ ਵਿਚ ਮਦਦ ਕਰਕੇ ਸੁਸਾਇਟੀ ਦੀ ਹਿਫਾਜ਼ਤ ਵਿਚ ਯੋਗਦਾਨ ਪਾਉਂਦਾ ਹੈ।

---

## ਕਾਰਵਾਈ: ਜਦੋਂ ਮਰਦ ਅਪਰਾਧੀ ਜੇਲ੍ਹ ਜਾਂਦੇ ਹਨ ਤਾਂ ਕੀ ਹੁੰਦਾ ਹੈ?

ਹੇਠਾਂ ਦਿੱਤੀ ਜਾਣਕਾਰੀ ਤੁਹਾਨੂੰ ਇਹ ਦੱਸੇਗੀ ਕਿ ਹਰ **ਮਰਦ** ਅਪਰਾਧੀ ਲਈ ਫੈਡਰਲ ਜੇਲ੍ਹ ਦੀ ਸਜ਼ਾ ਦੇ ਸ਼ੁਰੂ ਵਿਚ ਕੀ ਵਾਪਰਦਾ ਹੈ।

**ਕਦਮ ਇਕ**

*ਅਦਾਲਤਾਂ।*

ਫੈਡਰਲ ਸਜ਼ਾ ਦਿੱਤੀ ਗਈ।

→

**ਕਦਮ ਦੋ**

*ਰੀਜਨਲ ਰਿਸੈਪਸ਼ਨ ਐਂਡ ਅਸਿਸਮੈਂਟ ਸੈਂਟਰ ਵਿਚ* ਪਹੁੰਚਣਾ

ਤਿੰਨ ਚੀਜ਼ਾਂ ਹੁੰਦੀਆਂ ਹਨ:

1. ਅਸਿਸਮੈਂਟ
2. ਆਮ ਜਾਣਕਾਰੀ
3. ਜਿੱਥੇ ਰੱਖਣਾ ਹੈ ਉਸ ਬਾਰੇ ਫੈਸਲਾ

→

**ਕਦਮ ਤਿੰਨ**

*ਪੈੱਨ ਪਲੇਸਮੈਂਟ*

**ਮਰਦਾਂ** ਨੂੰ ਉਸ ਜੇਲ੍ਹ ਵਿਚ ਭੇਜਿਆ ਜਾਂਦਾ ਹੈ ਜਿਹੜੀ ਉਨ੍ਹਾਂ ਨੂੰ ਦਿੱਤੀ ਗਈ ਸਕਿਉਰਟੀ ਦੇ ਪੱਧਰ ਨਾਲ ਮੇਲ ਖਾਂਦੀ ਹੈ।





## ਮਦਦ ਕਰਨ ਵਾਲੀਆਂ ਏਜੰਸੀਆਂ

ਕਈ ਵੱਖ ਵੱਖ ਸੰਸਥਾਵਾਂ ਹਨ ਜਿਹੜੀਆਂ ਬੀ ਸੀ ਦੀਆਂ ਫੈਡਰਲ ਜੇਲ੍ਹਾਂ ਵਿਚ ਕਾਰਜ ਕਰਦੀਆਂ ਹਨ। ਅਸੀਂ ਕੁਝ ਵੱਡੀਆਂ ਦੇ ਨਾਂ ਦਰਜ ਕੀਤੇ ਹਨ। ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਵੇ, ਤੁਹਾਨੂੰ ਜ਼ਿਆਦਾ ਜਾਣਕਾਰੀ ਜਾਂ ਮਦਦ ਚਾਹੀਦੀ ਹੋਵੇ ਤਾਂ ਤੁਸੀਂ ਉਨ੍ਹਾਂ ਨਾਲ ਸੰਪਰਕ ਕਰ ਸਕਦੇ ਹੋ। ਜ਼ਿਆਦਾ ਜਾਣਕਾਰੀ ਲੈਣ ਲਈ ਉਨ੍ਹਾਂ ਨਾਲ ਸੰਪਰਕ ਕਰੋ ਕਿ ਉਹ ਜੇਲ੍ਹਾਂ ਵਿਚ ਕੀ ਕੰਮ ਕਰਦੇ ਹਨ, ਅਤੇ ਉਹ ਤੁਹਾਡੀ ਜਾਂ ਤੁਹਾਡੇ ਪਰਿਵਾਰ ਦੇ ਮੈਂਬਰ ਦੀ ਕਿਵੇਂ ਮਦਦ ਕਰ ਸਕਦੇ ਹਨ।

**ਜੌਹਨ ਹੋਵਾਰਡ ਸੁਸਾਇਟੀ ਆਫ ਦਾ ਲੋਅਰ ਮੇਨਲੈਂਡ ਆਫ ਬੀ ਸੀ**

**The John Howard Society of the Lower Mainland of BC**
Community Services Department: 752 Kingsway, Vancouver BC, V5V 3C1
ਫੋਨ: 604-872-5471 ਐਕਸਟੈਨਸ਼ਨ 222 ਜਾਂ 223 ਫੈਕਸ: 604-872-1442
ਈਮੇਲ:reception@jhslmbc.ca ਵੈੱਬ: www.jhslmbc.ca

**The John Howard Society of the Fraser Valley**
Head Office: 1790 McKenzie Road, Abbotsford BC, V2S 7B7
ਫੋਨ: 604-852-1226 ਫੈਕਸ: 604-854-5867
ਈਮੇਲ: jhsfv@shaw.ca

**The John Howard Society of Victoria**
2675 Bridge Street, Victoria BC, V8T 4Y4
ਫੋਨ: 250-386-3428 ਫੈਕਸ: 250-361-4561
ਈਮੇਲ: jhs@johnhoward.victoria.bc.ca

**ਇਹ ਕੁਝ ਹੋਰ ਸੰਸਥਾਵਾਂ ਵੀ ਫੈਡਰਲ ਕੋਰੈਕਸ਼ਨਜ਼ ਨਾਲ ਸ਼ਾਮਲ ਹਨ:**

| | |
|---|---|
| ਇਲਿਜ਼ਾਬੈਥ ਫਰਾਈ ਸੁਸਾਇਟੀ ਆਫ ਗਰੇਟਰ ਵੈਨਕੂਵਰ | 1-888-879-9593 |
| ਸਾਲਵੇਸ਼ਨ ਆਰਮੀ ਪ੍ਰਿਜ਼ਨ ਆਊਟਰੀਜ਼ ਸਰਵਿਸਿਜ਼ ਬੀ ਸੀ | 604-792-8581 |
| ਲੌਂਗ-ਟਰਮ ਇਨਮੇਟਸ ਨਾਓ ਇਨ ਦਾ ਕਮਿਉਨਟੀ (LINC) | 1-877-424-4242 |
| ਐੱਮ 2 ਡਬਲਯੂ 2 ਰੀਸਟੋਰੇਟਿਵ ਕਰਿਸੀਚੀਅਨ ਮਨਿਸਟਰੀਜ਼ | 1-800-298-1777 |
| ਬੀ ਸੀ ਪਰਸਨਜ਼ ਵਿਦ ਏਡਜ਼ (BCPWA) | 604-893-2283 |
| ਪੈਸੇਫਿਕ ਵਿਮਨਜ਼ ਸਰਵਿਸਿਜ਼ | pacificwomensservices@shaw.ca |

ਹੋਰ ਫਾਇਦੇਮੰਦ ਚੀਜ਼:

**ਕੋਰੈਕਸ਼ਨਲ ਇਨਵੈਸਟੀਗੇਟਰ**

- ਕੋਰੈਕਸ਼ਨਲ ਸਰਵਿਸ ਆਫ ਕੈਨੇਡਾ ਦੇ ਕਾਰਜਾਂ ਅਤੇ ਸਰਗਰਮੀਆਂ ਬਾਰੇ ਸ਼ਿਕਾਇਤਾਂ ਦੀ ਪੜਤਾਲ ਕਰਦਾ ਹੈ।
- ਫੈਡਰਲ ਕੈਦੀਆਂ ਅਤੇ ਪੈਰੋਲੀਆਂ ਲਈ ਓਮਬਡਜ਼ਮੈਨ ਵੀ ਹੈ।
- ਇਹ ਕੋਰੈਕਸ਼ਨਲ ਸਰਵਿਸ ਆਫ ਕੈਨੇਡਾ ਤੋਂ ਆਜ਼ਾਦ ਰੂਪ ਵਿਚ ਕੰਮ ਕਰਦਾ ਹੈ।

**PO Box 3421, Station “D”, Ottawa Ontario, KIP 6L4**
**ਟੋਲ ਫਰੀ: 1-877-885-8848**

ਪ੍ਰੋਗਰਾਮ

## ਪ੍ਰੋਗਰਾਮ

**ਜੇਲ੍ਹ ਵਿਚ ਕਿਸ ਤਰ੍ਹਾਂ ਦੇ ਪ੍ਰੋਗਰਾਮ ਦਿੱਤੇ ਜਾਂਦੇ ਹਨ?**
ਫੈਡਰਲ ਜੇਲ੍ਹਾਂ ਵਿਚ ਕਈ ਵੱਖ ਵੱਖ ਕਿਸਮਾਂ ਦੇ ਪ੍ਰੋਗਰਾਮ ਦਿੱਤੇ ਜਾਂਦੇ ਹਨ।

- ਇਹ ਪ੍ਰੋਗਰਾਮ ਮੁਜਰਮਾਨਾ ਵਤੀਰੇ ਅਤੇ ਵਿਸ਼ਵਾਸ਼, ਹਿੰਸਾ, ਪਰਿਵਾਰਕ ਹਿੰਸਾ ਅਤੇ ਨਸ਼ਿਆਂ ਅਤੇ ਸ਼ਰਾਬ ਦੀ ਦੁਰਵਰਤੋਂ ਵਰਗੇ ਮਸਲਿਆਂ ਦਾ ਹੱਲ ਕਰਨ ਲਈ ਤਿਆਰ ਕੀਤੇ ਗਏ ਹੁੰਦੇ ਹਨ।
- ਕਿਸੇ ਕੈਦੀ ਨੂੰ ਜਿਹੜੇ ਪ੍ਰੋਗਰਾਮਾਂ ਵਿਚ ਹਿੱਸਾ ਲੈਣਾ ਪਵੇਗਾ ਉਨ੍ਹਾਂ ਦਾ ਵੇਰਵਾ ਉਨ੍ਹਾਂ ਦੀ *ਸੁਧਾਰ ਦੀ ਵਿਉਂਤ* ਵਿਚ ਦਿੱਤਾ ਗਿਆ ਹੁੰਦਾ ਹੈ।
- ਇਸ ਦਾ ਟੀਚਾ ਕੈਦੀ ਨੂੰ ਉਨ੍ਹਾਂ ਪ੍ਰੋਗਰਾਮਾਂ ਵਿਚ ਹਿੱਸਾ ਦਿਵਾਉਣਾ ਹੈ ਜਿਹੜੇ ਉਨ੍ਹਾਂ ਮਸਲਿਆਂ ਨਾਲ ਸਿੱਝਦੇ ਹਨ ਜਿਸ ਕਰਕੇ ਕੈਦੀ ਨੇ ਅਪਰਾਧ ਕੀਤਾ ਹੈ। ਉਦਾਹਰਣ ਲਈ, ਜੇ ਕੋਈ ਕੈਦੀ ਇਸ ਕਰਕੇ ਜੁਰਮ ਕਰ ਰਿਹਾ ਸੀ ਕਿ ਉਹ ਆਪਣੇ ਨਸ਼ੇ ਦੀ ਆਦਤ ਲਈ ਪੈਸੇ ਲੈ ਸਕੇ ਤਾਂ ਉਸ ਕੈਦੀ ਨੂੰ ਨਸ਼ਿਆਂ ਦੀ ਦੁਰਵਰਤੋਂ ਨਾਲ ਸੰਬੰਧਿਤ ਪ੍ਰੋਗਰਾਮ ਵਿਚ ਹਿੱਸਾ ਲੈਣਾ ਪਵੇਗਾ।
- ਕੈਦੀਆਂ ਨੂੰ ਆਪਣੀ ਅਕਾਦਮਿਕ ਜਾਂ ਕਿੱਤੇ ਦੀ ਸਿਖਿਆ ਵਧਾਉਣ ਦਾ ਮੌਕਾ ਵੀ ਮਿਲਦਾ ਹੈ।
- ਉਨ੍ਹਾਂ ਦੀ ਸਾਇਕੋਲੋਜਿਸਟਾਂ ਅਤੇ ਸਾਇਕਐਟਰਿਸਟਾਂ ਤੱਕ ਵੀ ਪਹੁੰਚ ਹੁੰਦੀ ਹੈ।
- ਉਹ ਰੂਹਾਨੀ ਲੋੜਾਂ ਵਾਲੀਆਂ ਸੇਵਾਵਾਂ ਵੀ ਲੈ ਸਕਦੇ ਹਨ ਜਿਵੇਂ ਕਿ ਧਰਮ ਨਾਲ ਸੰਬੰਧਿਤ ਸੇਵਾਵਾਂ ਅਤੇ ਬਜ਼ੁਰਗਾਂ ਦੀਆਂ ਸੇਵਾਵਾਂ।

ਜੇਲ੍ਹ ਵਿਚ ਦਿੱਤੇ ਜਾਣ ਵਾਲੇ ਆਮ ਪ੍ਰੋਗਰਾਮਾਂ ਤੋਂ ਇਲਾਵਾ, ਔਰਤ ਕੈਦਣਾਂ ਅਤੇ ਐਬਰਿਜਨਲ ਕੈਦੀਆਂ ਲਈ ਖਾਸ ਪ੍ਰੋਗਰਾਮ ਵੀ ਦਿੱਤੇ ਜਾਂਦੇ ਹਨ।

**ਐਬਰਿਜਨਲ ਕੈਦੀਆਂ ਲਈ ਪ੍ਰੋਗਰਾਮ**

- ਕੈਦੀ ਅਜਿਹੇ ਪ੍ਰੋਗਰਾਮ ਲੈ ਸਕਦੇ ਹਨ ਜਿਹੜੇ ਐਬਰਿਜਨਲ ਕਮਿਉਨਟੀ ਵਲੋਂ ਤਿਆਰ ਕੀਤੇ ਅਤੇ ਚਲਾਏ ਜਾਂਦੇ ਹਨ।
- ਇਹ ਪ੍ਰੋਗਰਾਮ ਉਨ੍ਹਾਂ ਕੈਦੀਆਂ ਲਈ ਰਵਾਇਤੀ ਪ੍ਰੋਗਰਾਮਾਂ ਦਾ ਬਦਲ ਹਨ ਜਿਨ੍ਹਾਂ ਨੇ ਐਬਰਿਜਨਲ ਰੂਹਾਨੀਅਤ, ਕਦਰਾਂ-ਕੀਮਤਾਂ ਅਤੇ ਵਿਸ਼ਵਾਸ਼ਾਂ ਨੂੰ ਅਪਣਾਇਆ ਹੈ।
- ਅਜਿਹੀਆਂ ਚੋਣਾਂ ਵਿਚ ਹੀਲਿੰਗ ਲੌਜਾਂ, ਰਵਾਇਤੀ ਐਬਰਿਜਨਲ ਰਸਮਾਂ ਅਤੇ ਨੇਟਿਵ ਤਾਲਮੇਲ ਤੱਕ ਪਹੁੰਚ ਸ਼ਾਮਲ ਹਨ।

**ਔਰਤ ਕੈਦਣਾਂ ਲਈ ਪ੍ਰੋਗਰਾਮ**

- ਔਰਤ ਕੈਦਣਾਂ ਨੂੰ ਅਜਿਹੇ ਪ੍ਰੋਗਰਾਮ ਦਿੱਤੇ ਜਾਂਦੇ ਹਨ ਜਿਹੜੇ ਖਾਸ ਤੌਰ 'ਤੇ ਉਨ੍ਹਾਂ ਲਈ ਤਿਆਰ ਕੀਤੇ ਗਏ ਹੁੰਦੇ ਹਨ ਜਿਵੇਂ ਕਿ ਦੁਰਵਿਵਹਾਰ ਅਤੇ ਸਦਮੇ ਤੋਂ ਬਚਾਅ ਨਾਲ ਸੰਬੰਧਿਤ ਪ੍ਰੋਗਰਾਮ, ਮਾਂ-ਬੱਚਾ ਰਿਹਾਇਸ਼ੀ ਪ੍ਰੋਗਰਾਮ ਅਤੇ ਔਰਤ ਅਪਰਾਧਣਾਂ ਵਲੋਂ ਨਸ਼ਿਆਂ ਦੀ ਦੁਰਵਰਤੋਂ ਨਾਲ ਸੰਬੰਧਿਤ ਪ੍ਰੋਗਰਾਮ।

ਪ੍ਰੋਗਰਾਮਾਂ ਬਾਰੇ ਜੇ ਤੁਸੀਂ ਜ਼ਿਆਦਾ ਜਾਣਕਾਰੀ ਲੈਣਾ ਚਾਹੁੰਦੇ ਹੋਵੋ ਤਾਂ ਤੁਸੀਂ ਜੇਲ੍ਹ ਨਾਲ ਜਾਂ ਇਸ ਗਾਈਡ ਵਿਚ ਦਰਜ ਮਦਦ ਕਰਨ ਵਾਲੀ ਕਿਸੇ ਏਜੰਸੀ ਨਾਲ ਸੰਪਰਕ ਕਰ ਸਕਦੇ ਹੋ ਜਾਂ ਕੋਰੈਕਸ਼ਨਲ ਸਰਵਿਸ ਆਫ ਕੈਨੇਡਾ ਦਾ ਵੈੱਬਸਾਈਟ ਦੇਖੋ।



ਕਾਰਵਾਈ

## ਕਾਰਵਾਈ: ਜਦੋਂ ਮਰਦ ਅਪਰਾਧੀ ਜੇਲ੍ਹ ਜਾਂਦੇ ਹਨ ਤਾਂ ਕੀ ਹੁੰਦਾ ਹੈ? (ਜਾਰੀ)

### ਕਦਮ ਇਕ

- ਅਦਾਲਤਾਂ ਦੋ ਸਾਲ ਤੋਂ ਲੈ ਕੇ ਉਮਰ ਕੈਦ ਦੀ ਸਜ਼ਾ ਦਿੰਦੀਆਂ ਹਨ।
- ਕੈਦੀ ਨੂੰ ਵਾਪਸ ਸੂਬਾਈ ਪ੍ਰੀ-ਟਰਾਇਲ ਸੈਂਟਰ ਵਿਚ ਭੇਜਿਆ ਜਾਂਦਾ ਹੈ ਜਿੱਥੇ ਉਹ ਰੀਜਨਲ ਰਿਸੈਪਸ਼ਨ ਐਂਡ ਅਸਿਸਮੈਂਟ ਸੈਂਟਰ ਵਿਚ ਬਦਲੇ ਜਾਣ ਤੱਕ ਰਹਿੰਦਾ ਹੈ।

### ਕਦਮ ਦੋ

ਮਰਦ ਕੈਦੀ ਆਪਣੀ ਫੈਡਰਲ ਸਜ਼ਾ ਰੀਜਨਲ ਰਿਸੈਪਸ਼ਨ ਐਂਡ ਅਸਿਸਮੈਂਟ ਸੈਂਟਰ (ਆਰ ਆਰ ਏ ਸੀ) ਵਿਚ ਸ਼ੁਰੂ ਕਰਦੇ ਹਨ। ਇਸ ਸਮੇਂ ਤਿੰਨ ਚੀਜ਼ਾਂ ਹੁੰਦੀਆਂ ਹਨ:

1. ਅਸਿਸਮੈਂਟ
   - ਸਾਰੇ ਨਵੇਂ ਕੈਦੀ ਅਸਿਸਮੈਂਟ ਦੀ ਕਾਰਵਾਈ ਵਿੱਚੀਂ ਲੰਘਦੇ ਹਨ। ਅਸਿਸਮੈਂਟ ਵਿਚ ਖਤਰੇ ਦੇ ਪੱਧਰ ਅਤੇ ਕੈਦੀ ਦੀਆਂ ਲੋੜਾਂ ਬਾਰੇ ਵਿਚਾਰ ਕਰਨਾ ਸ਼ਾਮਲ ਹੈ। ਇਸ ਕਾਰਵਾਈ ਦਾ ਟੀਚਾ ਕੈਦੀ ਦੀਆਂ ਲੋੜਾਂ ਦਾ ਅਤੇ ਇਹ ਪਤਾ ਲਾਉਣਾ ਹੈ ਕਿ ਕਿਹੜੇ ਪੱਖ ਮੁਜਰਮਾਨਾ ਵਤੀਰੇ ਵੱਲ ਲੈ ਕੇ ਗਏ ਹਨ ਜਿਨ੍ਹਾਂ ਕਰਕੇ ਉਸ ਨੂੰ ਸਜ਼ਾ ਦਿੱਤੀ ਗਈ ਹੈ।
   - ਕੈਦੀ ਅਤੇ ਜੁਰਮ ਬਾਰੇ ਜਾਣਕਾਰੀ ਕਈ ਵੱਖ ਵੱਖ ਥਾਂਵਾਂ ਤੋਂ ਇਕੱਠੀ ਕੀਤੀ ਜਾਂਦੀ ਹੈ ਜਿਸ ਵਿਚ ਪੁਲੀਸ, ਸਰਕਾਰੀ ਵਕੀਲ, ਜੱਜ, ਅਦਾਲਤਾਂ, ਜੁਰਮ ਦਾ ਸ਼ਿਕਾਰ ਹੋਏ ਲੋਕ, *ਪਰਿਵਾਰ ਦੇ ਮੈਂਬਰ* ਅਤੇ ਖੁਦ ਕੈਦੀ ਸ਼ਾਮਲ ਹਨ। ਇਸ ਸਮੇਂ ਤੁਹਾਡੇ ਨਾਲ ਕੋਰੈਕਸ਼ਨਲ ਸਰਵਿਸ ਆਫ ਕੈਨੇਡਾ ਵਲੋਂ ਸੰਪਰਕ ਕੀਤਾ ਜਾ ਸਕਦਾ ਹੈ ਅਤੇ ਤੁਹਾਨੂੰ ਅਸਿਸਮੈਂਟ ਵਿਚ ਹਿੱਸਾ ਲੈਣ ਲਈ ਕਿਹਾ ਜਾ ਸਕਦਾ ਹੈ।
   - ਕੈਦੀਆਂ ਦੀ, ਪਹੁੰਚਣ ਤੋਂ ਬਾਅਦ 14 ਦਿਨਾਂ ਦੇ ਵਿਚ ਵਿਚ ਡਾਕਟਰੀ ਜਾਂਚ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਦੰਦਾਂ ਦਾ ਡਾਕਟਰ ਵੀ ਦੇਖਦਾ ਹੈ।
   - ਇਕੱਠੀ ਹੋਈ ਸਾਰੀ ਜਾਣਕਾਰੀ ਤੋਂ ਰਿਪੋਰਟ ਤਿਆਰ ਕੀਤੀ ਜਾਂਦੀ ਹੈ ਅਤੇ ਕੈਦੀ ਨਾਲ ਰਲ ਕੇ *ਸੁਧਾਰ ਦੀ ਵਿਉਂਤ* ਤਿਆਰ ਕੀਤੀ ਜਾਂਦੀ ਹੈ।

2. ਆਮ ਜਾਣਕਾਰੀ
   - ਸਾਰੇ ਕੈਦੀਆਂ ਨੂੰ ਜਾਣਕਾਰੀ ਦੇਣ ਵਾਲੀ ਇਕ ਕਲਾਸ ਵਿਚ ਜਾਣਾ ਪੈਂਦਾ ਹੈ ਜਿਹੜੀ ਦਾਖਲੇ ਅਤੇ ਉਨ੍ਹਾਂ ਨੂੰ ਰੱਖਣ ਦੇ ਕਾਰਜ ਬਾਰੇ ਦੱਸਦੀ ਹੈ। ਉਨ੍ਹਾਂ ਨੂੰ ਇਹ ਦੱਸਿਆ ਜਾਂਦਾ ਹੈ ਕਿ ਉਨ੍ਹਾਂ ਤੋਂ ਅਸਿਸਮੈਂਟ ਦੀ ਕਾਰਵਾਈ ਵਿਚ ਸ਼ਾਮਲ ਹੋਣ ਅਤੇ ਪ੍ਰੋਗਰਾਮਾਂ ਅਤੇ ਸਰਗਰਮੀਆਂ ਵਿਚ ਸਰਗਰਮ ਹਿੱਸਾ ਲੈਣ ਦੀ ਆਸ ਰੱਖੀ ਜਾਂਦੀ ਹੈ।
   - ਸਾਰੇ ਫੈਡਰਲ ਕੈਦੀਆਂ ਨੂੰ ਪਹੁੰਚਣ 'ਤੇ ਜਾਣਕਾਰੀ ਦੇਣ ਵਾਲੀ ਇਕ ਹੈਂਡਬੁੱਕ ਦਿਤੀ ਜਾਂਦੀ ਹੈ ਜਿਹੜੀ ਹਰ ਉਸ ਚੀਜ਼ ਬਾਰੇ ਦੱਸਦੀ ਹੈ ਜਿਸ ਬਾਰੇ ਉਨ੍ਹਾਂ ਨੂੰ ਜਾਣਨ ਦੀ ਲੋੜ ਹੁੰਦੀ ਹੈ।
   - ਉਨ੍ਹਾਂ ਨੂੰ ਮਿਲਣ ਆਉਣ, ਫੋਨ ਕਰਨ ਅਤੇ ਕੈਦੀਆਂ ਦੇ ਅਕਾਊਂਟਾਂ ਵਰਗੀਆਂ ਚੀਜ਼ਾਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

## ਕਾਰਵਾਈ: ਜਦੋਂ ਮਰਦ ਅਪਰਾਧੀ ਜੇਲ੍ਹ ਜਾਂਦੇ ਹਨ ਤਾਂ ਕੀ ਹੁੰਦਾ ਹੈ? (ਜਾਰੀ)

3. ਜਿੱਥੇ ਰੱਖਣਾ ਹੈ ਉਸ ਬਾਰੇ ਫੈਸਲਾ
    - ਇਸ ਦਾ ਮਤਲਬ ਇਹ ਫੈਸਲਾ ਕਰਨਾ ਹੈ ਕਿ ਕੈਦੀ ਨੂੰ ਕਿਸ ਪੱਧਰ ਦੀ ਸਕਿਉਰਟੀ ਵਿਚ ਰੱਖਿਆ ਜਾਣਾ ਹੈ (ਜਿਵੇਂ ਵੱਧ ਤੋਂ ਵੱਧ, ਦਰਮਿਆਨੀ, ਘੱਟ ਤੋਂ ਘੱਟ ਸਕਿਉਰਟੀ ਵਿਚ)।
    - ਰੱਖਣ ਦੀ ਥਾਂ ਬਾਰੇ ਫੈਸਲਾ ਲੋਕਾਂ ਦੀ ਇਕ ਟੀਮ ਵਲੋਂ ਕੀਤਾ ਜਾਂਦਾ ਹੈ ਜਿਹੜੇ ਕੈਦੀ ਦੇ ਸਬੰਧ ਵਿਚ ਸ਼ਾਮਲ ਰਹੇ ਹਨ।
    - ਰੱਖਣ ਦੀ ਥਾਂ ਬਾਰੇ ਫੈਸਲੇ ਵਿਚ ਕੈਦੀ ਦੇ ਵਰਤਾਉ, ਵਤੀਰੇ, ਅਤੇ ਮੁਜਰਮਾਨਾ ਰਿਕਾਰਡ 'ਤੇ ਵਿਚਾਰ ਕੀਤਾ ਜਾਂਦਾ ਹੈ।

### ਕਦਮ ਤਿੰਨ

- ਉਪਰਲੀ ਕਾਰਵਾਈ ਦੇ ਮੁਕੰਮਲ ਹੋ ਜਾਣ ਤੋਂ ਬਾਅਦ, ਕੈਦੀ ਨੂੰ ਉਸ ਜੇਲ੍ਹ ਵਿਚ ਭੇਜਿਆ ਜਾਂਦਾ ਹੈ ਜਿਹੜੀ ਉਸ ਦੀ ਸਕਿਉਰਟੀ ਦੇ ਪੱਧਰ/ਦਰਜਾਬੰਦੀ ਨਾਲ ਮੇਲ ਖਾਂਦੀ ਹੈ।
- ਇਸ ਨੂੰ *ਪੈੱਨ ਪਲੇਸਮੈਂਟ* ਆਖਿਆ ਜਾਂਦਾ ਹੈ।
- ਉਸ ਜੇਲ੍ਹ ਵਿਚ ਕੈਦੀਆਂ ਨੂੰ ਪੈੱਨ ਪਲੇਸ ਕਰਨ ਤੋਂ ਬਾਅਦ ਉਨ੍ਹਾਂ ਨੂੰ ਉਸ ਜੇਲ੍ਹ ਨਾਲ ਸੰਬੰਧਿਤ ਖਾਸ ਜਾਣਕਾਰੀ ਦਿੱਤੀ ਜਾਂਦੀ ਹੈ।
- ਕੈਦੀ ਦੀ *ਕੋਰੈਕਸ਼ਨਲ ਪਲੈਨ* (ਸੁਧਾਰ ਦੀ ਵਿਉਂਤ) ਉਸ ਜੇਲ੍ਹ ਵਿਚ ਮੁਕੰਮਲ ਕੀਤੀ ਜਾਂਦੀ ਹੈ ਜਿਸ ਵਿਚ ਉਸ ਨੂੰ ਰੱਖਿਆ ਗਿਆ ਹੈ।
- ਜਦੋਂ ਕੈਦੀ ਨੂੰ ਪੈੱਨ ਪਲੇਸ ਕੀਤਾ ਜਾਂਦਾ ਹੈ ਤਾਂ ਉਸ ਜੇਲ੍ਹ ਨੂੰ ਆਮ ਤੌਰ 'ਤੇ ਉਨ੍ਹਾਂ ਦੀ *ਮਦਰ* ਜਾਂ *ਪੇਰੈਂਟ ਇੰਸਟੀਚਿਊਸ਼ਨ* ਆਖਿਆ ਜਾਂਦਾ ਹੈ।

**ਤੁਸੀਂ ਕੈਦੀਆਂ ਨੂੰ ਦਿੱਤੀ ਜਾਂਦੀ ਓਰੀਐਨਟੇਸ਼ਨ ਹੈਂਡਬੁੱਕ ਦੀ ਕਾਪੀ ਮੰਗ ਸਕਦੇ ਹੋ। ਇਹ ਤੁਹਾਡੇ ਸਵਾਲਾਂ ਦੇ ਜਵਾਬ ਦੇਣ ਵਿਚ ਮਦਦ ਕਰੇਗੀ ਅਤੇ ਇਹ ਤੁਹਾਨੂੰ ਜੇਲ੍ਹ ਬਾਰੇ ਹੋਰ ਖਾਸ ਜਾਣਕਾਰੀ ਦੇਵੇਗੀ।**







## ਪੈਰੋਲ ਬਾਰੇ ਜਾਣਕਾਰੀ (ਜਾਰੀ)

**3. ਡੇਅ ਪੈਰੋਲ (ਡੀ ਪੀ) (ਜਾਰੀ)**
- ਅਪਰਾਧੀ ਲਈ ਆਪਣੀਆਂ ਰਿਹਾਈ ਦੀਆਂ ਸ਼ਰਤਾਂ ਅਤੇ ਸਥਾਨ ਦੇ ਨਿਯਮਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ।
- ਨਿਗਰਾਨੀ ਕਮਿਉਨਟੀ ਪੈਰੋਲ ਅਫਸਰ ਵਲੋਂ ਕੀਤੀ ਜਾਂਦੀ ਹੈ।
- ਡੇਅ ਪੈਰੋਲ 'ਤੇ ਹੋਣ ਦੌਰਾਨ ਅਪਰਾਧੀ ਕਮਿਉਨਟੀ ਵਿਚ ਪੂਰੀ ਪੈਰੋਲ ਜਾਂ ਕਾਨੂੰਨੀ ਰਿਹਾਈ ਲਈ ਤਿਆਰੀ ਕਰ ਸਕਦਾ ਹੈ।

**4. ਪੂਰੀ ਪੈਰੋਲ (ਐੱਫ ਪੀ)**
- ਅਪਰਾਧੀ ਨੂੰ ਆਪਣੇ ਆਪ ਕਮਿਉਨਟੀ ਵਿਚ ਰਹਿਣ ਦੀ ਆਗਿਆ ਦਿੰਦੀ ਹੈ।
- ਉਸ ਦੀ ਰਿਹਾਈ ਨਾਲ ਰਿਹਾਇਸ਼ੀ ਸ਼ਰਤ ਲਗਾਈ ਜਾ ਸਕਦੀ ਹੈ।
- ਅਪਰਾਧੀ ਲਈ ਆਪਣੀ ਰਿਹਾਈ ਦੀਆਂ ਸ਼ਰਤਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ।
- ਇਹ ਅਪਰਾਧੀ ਲਈ ਇਹ ਦਿਖਾਉਣ ਦਾ ਇਕ ਮੌਕਾ ਹੁੰਦਾ ਹੈ ਕਿ ਉਹ ਅਪਰਾਧਾਂ ਵਿਚ ਸ਼ਾਮਲ ਹੋਏ ਬਿਨਾਂ ਕਮਿਉਨਟੀ ਵਿਚ ਰਹਿ ਸਕਦਾ/ਸਕਦੀ ਹੈ।
- ਨਿਗਰਾਨੀ ਕਮਿਉਨਟੀ ਪੈਰੋਲ ਅਫਸਰ ਵਲੋਂ ਕੀਤੀ ਜਾਂਦੀ ਹੈ।

**5. ਤੇਜ਼ੀ ਨਾਲ ਹੋਣ ਵਾਲਾ ਪੈਰੋਲ ਰਿਵੀਊ (ਏ ਪੀ ਆਰ)**
- ਸਿਰਫ ਆਪਣੀ ਪਹਿਲੀ ਫੈਡਰਲ ਸਜ਼ਾ ਭੁਗਤ ਰਹੇ ਗੈਰ-ਹਿੰਸਕ ਕੈਦੀਆਂ ਦਾ ਹੀ ਤੇਜ਼ੀ ਨਾਲ ਪੈਰੋਲ ਰਿਵੀਊ ਹੋ ਸਕਦਾ ਹੈ।
- ਆਮ ਤੌਰ 'ਤੇ ਅਪਰਾਧੀਆਂ ਨੂੰ ਆਪਣੀ ਡੇਅ ਪੈਰੋਲ ਲਈ ਯੋਗਤਾ ਦੀ ਤਰੀਕ ਆਉਣ 'ਤੇ ਆਪਣੇ ਆਪ ਹੀ ਰਿਹਾ ਕਰ ਦਿੱਤਾ ਜਾਂਦਾ ਹੈ।
- ਨਿਗਰਾਨੀ ਕਮਿਉਨਟੀ ਪੈਰੋਲ ਅਫਸਰ ਵਲੋਂ ਕੀਤੀ ਜਾਂਦੀ ਹੈ।
- ਅਪਰਾਧੀ ਲਈ ਆਪਣੀ ਰਿਹਾਈ ਦੀਆਂ ਸ਼ਰਤਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ।

**6. ਕਾਨੂੰਨੀ ਰਿਹਾਈ (ਐੱਸ ਆਰ)**
- ਆਮ ਤੌਰ 'ਤੇ ਅਪਰਾਧੀਆਂ ਨੂੰ ਆਪਣੀ ਸਜ਼ਾ 2/3 ਕੱਟ ਲੈਣ ਤੋਂ ਬਾਅਦ ਆਪਣੇ ਆਪ ਹੀ ਰਿਹਾ ਕਰ ਦਿੱਤਾ ਜਾਂਦਾ ਹੈ, ਜੇ ਉਨ੍ਹਾਂ ਨੂੰ ਨਜ਼ਰਬੰਦ ਨਹੀਂ ਕੀਤਾ ਗਿਆ ਹੈ।
- ਉਨ੍ਹਾਂ ਦੀ ਰਿਹਾਈ 'ਤੇ ਰਿਹਾਇਸ਼ ਦੀ ਸ਼ਰਤ ਜੋੜੀ ਜਾ ਸਕਦੀ ਹੈ।
- ਅਪਰਾਧੀ ਲਈ ਆਪਣੀਆਂ ਰਿਹਾਈ ਦੀਆਂ ਸ਼ਰਤਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ।
- ਨਿਗਰਾਨੀ ਕਮਿਉਨਟੀ ਪੈਰੋਲ ਅਫਸਰ ਵਲੋਂ ਕੀਤੀ ਜਾਂਦੀ ਹੈ।

**7. ਵਾਰੰਟ ਦੇ ਖਾਤਮੇ ਦੀ ਤਰੀਕ (ਡਬਲਯੂ ਈ ਡੀ)**
- ਇਸ ਤਰੀਕ ਨੂੰ ਅਪਰਾਧ ਕਾਰਨ ਮਿਲੀ ਸਜ਼ਾ ਖਤਮ ਹੋ ਜਾਂਦੀ ਹੈ।

# ਪੈਰੋਲ ਬਾਰੇ ਜਾਣਕਾਰੀ (ਜਾਰੀ)

**ਰੈਜ਼ੀਡੈਂਸੀ ਕੰਡੀਸ਼ਨ ਕੀ ਹੈ?**
ਰੈਜ਼ੀਡੈਂਸੀ ਕੰਡੀਸ਼ਨ ਦਾ ਮਤਲਬ ਹੈ:

- ਕਿ ਕਿਸੇ ਅਪਰਾਧੀ ਦੇ ਪੈਰੋਲ ’ਤੇ ਹੋਣ ਦੌਰਾਨ ਉਸ ਦਾ ਕੋਰੈਕਸ਼ਨਲ ਸਰਵਿਸ ਆਫ ਕੈਨੇਡਾ ਦੇ ਕਿਸੇ ਮਨਜ਼ੂਰਸ਼ੁਦਾ ਸਥਾਨ ’ਤੇ ਰਹਿਣਾ ਜ਼ਰੂਰੀ ਹੈ ਜਿਵੇਂ ਕਿ ਕੋਈ ਹੋਸਟਲ, ਪ੍ਰਾਈਵੇਟ ਹੋਮ ਪਲੇਸਮੈਂਟ, ਕਮਿਊਨਟੀ ਦੀ ਰਿਹਾਇਸ਼ੀ ਥਾਂ ਜਾਂ ਕਮਿਊਨਟੀ ਕੋਰੈਕਸ਼ਨਲ ਸੈਂਟਰ (ਜਿਸ ਨੂੰ ਹਾਫਵੇਅ ਹਾਊਸ ਵੀ ਆਖਿਆ ਜਾਂਦਾ ਹੈ)।
- ਰੈਜ਼ੀਡੈਂਸੀ ਕੰਡੀਸ਼ਨ (ਰਿਹਾਇਸ਼ ਸਬੰਧੀ ਸ਼ਰਤ) ਇਕ ਖਾਸ ਸ਼ਰਤ ਹੈ ਜਿਹੜੀ ਸ਼ਰਤਾਂ ਸਮੇਤ ਰਿਹਾਈ ਲਈ ਅਪਲਾਈ ਕਰਨ ਵਾਲੇ ਲੋਕਾਂ ’ਤੇ ਲਾਈ ਜਾ ਸਕਦੀ ਹੈ। ਇਹ ਸ਼ਰਤ ਜ਼ਿਆਦਾ ਤੌਰ ’ਤੇ ਕਾਨੂੰਨੀ ਰਿਹਾਈ ਵਾਲੇ ਲੋਕਾਂ ’ਤੇ ਲਾਈ ਜਾਂਦੀ ਹੈ।
- ਰਿਹਾਇਸ਼ ਸਬੰਧੀ ਸ਼ਰਤਾਂ ਨੈਸ਼ਨਲ ਪੈਰੋਲ ਬੋਰਡ ਲਾਗੂ ਕਰਦਾ ਹੈ।

**ਰਿਹਾਈ/ਪੈਰੋਲ ਦੀਆਂ ਵੱਖੋ ਵੱਖਰੀਆਂ ਕਿਸਮਾਂ ਕਿਹੜੀਆਂ ਹਨ?**
ਜਿਵੇਂ ਕਿ ਕੋਰੈਕਸ਼ਨਜ਼ ਐਂਡ ਕੰਡੀਸ਼ਨਲ ਰਿਲੀਜ਼ ਐਕਟ ਸੈਕਸ਼ਨਜ਼ 119 (1) ਤੋਂ ਸੈਕਸ਼ਨ 135(6) ਵਿਚ ਦੱਸਿਆ ਗਿਆ ਹੈ।

1. **ਆਰਜ਼ੀ ਗੈਰਹਾਜ਼ਰੀ (ਬਿਨਾਂ ਨਿਗਰਾਨੀ ਤੋਂ (ਯੂ ਟੀ ਏ) ਅਤੇ ਨਿਗਰਾਨੀ ਵਾਲੀਆਂ ਦੋਨੋਂ (ਈ ਟੀ ਏ))**
   - ਇਹ ਉਦੋਂ ਹੁੰਦੀ ਹੈ ਜਦੋਂ ਕੈਦੀ ਨੂੰ ਥੋੜ੍ਹੇ ਜਿਹੇ ਸਮੇਂ ਲਈ ਜੇਲ੍ਹ ਤੋਂ ਜਾਣ ਦੀ ਆਗਿਆ ਮਿਲਦੀ ਹੈ।
   - ਇਸ ਕਿਸਮ ਦੀ ਛੁੱਟੀ ਕਈ ਵੱਖਰੇ ਕਾਰਨਾਂ ਕਰਕੇ ਦਿੱਤੀ ਜਾ ਸਕਦੀ ਹੈ ਜਿਵੇਂ ਕਿ ਕਮਿਊਨਟੀ ਆਧਾਰਿਤ ਪ੍ਰੋਗਰਾਮਾਂ ਵਿਚ ਸ਼ਾਮਲ ਹੋਣਾ, ਡਾਕਟਰੀ, ਦਇਆ ਵਾਲੇ, ਪ੍ਰਬੰਧਕੀ ਅਤੇ ਪਰਉਪਕਾਰ ਵਾਲੇ ਕਾਰਨ।
   - ਨਿਗਰਾਨੀ ਹੇਠ ਆਰਜ਼ੀ ਤੌਰ ’ਤੇ ਗੈਰਹਾਜ਼ਰੀ ਵਾਲੇ ਕੇਸ ਵਿਚ, ਇਕ ਜਾਂ ਦੋ ਸਕਿਉਰਟੀ ਅਫਸਰ, ਜਾ ਟਰੇਂਡ ਵਾਲੰਟੀਅਰ ਅਪਰਾਧੀ ਨਾਲ ਕਮਿਊਨਟੀ ਵਿਚ ਰਹਿਣਗੇ।
2. **ਕੰਮ ਲਈ ਰਿਹਾਈ (ਡਬਲਯੂ ਆਰ)**
   - ਘੱਟ ਤੋਂ ਘੱਟ ਸਕਿਉਰਟੀ ਜਾਂ ਦਰਮਿਆਨੀ ਸਕਿਉਰਟੀ ਵਾਲੀ ਜੇਲ੍ਹ ਵਿਚਲੇ ਅਪਰਾਧੀ ਹੀ ਕੰਮ ਲਈ ਰਿਹਾਈ ਲਈ ਅਪਲਾਈ ਕਰ ਸਕਦੇ ਹਨ।
   - ਉਨ੍ਹਾਂ ਨੂੰ ਕਮਿਊਨਟੀ ਵਿਚ ਕੰਮ ਕਰਨ ਜਾਂ ਵਾਲੰਟੀਅਰ ਕੰਮ ਕਰਨ ਲਈ ਨਿਗਰਾਨੀ ਹੇਠ ਰਿਹਾ ਕੀਤਾ ਜਾਂਦਾ ਹੈ।
3. **ਡੇਅ ਪੈਰੋਲ (ਡੀ ਪੀ)**
   - ਡੇਅ ਪੈਰੋਲ ਵਾਲੇ ਅਪਰਾਧੀ ਲਈ ਕੋਰੈਕਸ਼ਨਲ ਸਰਵਿਸ ਆਫ ਕੈਨੇਡਾ ਦੇ ਕਿਸੇ ਮਨਜ਼ੂਰਸ਼ੁਦਾ ਰਿਹਾਇਸ਼ੀ ਸਥਾਨ ’ਤੇ ਰਹਿਣਾ ਜ਼ਰੂਰੀ ਹੈ ਜਿਵੇਂ ਕਿ ਕੋਈ ਹੋਸਟਲ, ਪ੍ਰਾਈਵੇਟ ਹੋਮ ਪਲੇਸਮੈਂਟ, ਕਮਿਊਨਟੀ ਦੀ ਰਿਹਾਇਸ਼ੀ ਥਾਂ ਜਾਂ ਕਮਿਊਨਟੀ ਕੋਰੈਕਸ਼ਨਲ ਸੈਂਟਰ (ਜਿਸ ਨੂੰ ਹਾਫਵੇਅ ਹਾਊਸ ਵੀ ਆਖਿਆ ਜਾਂਦਾ ਹੈ)।



# ਕਾਰਵਾਈ: ਜਦੋਂ ਅਪਰਾਧੀ ਔਰਤਾਂ ਜੇਲ੍ਹ ਜਾਂਦੀਆਂ ਹਨ ਤਾਂ ਕੀ ਹੁੰਦਾ ਹੈ?

ਹੇਠਾਂ ਦਿੱਤੀ ਜਾਣਕਾਰੀ ਤੁਹਾਨੂੰ ਇਹ ਦੱਸੇਗੀ ਕਿ ਹਰ ਅਪਰਾਧੀ **ਔਰਤ** ਲਈ ਫੈਡਰਲ ਜੇਲ੍ਹ ਦੀ ਸਜ਼ਾ ਦੇ ਸ਼ੁਰੂ ਵਿਚ ਕੀ ਵਾਪਰਦਾ ਹੈ।

**ਕਦਮ ਇਕ**

*ਅਦਾਲਤਾਂ*
ਫੈਡਰਲ ਸਜ਼ਾ ਦਿੱਤੀ ਗਈ।

ਇਸ ਸਮੇਂ ਉਨ੍ਹਾਂ ਦੀ ਸਕਿਉਰਟੀ ਦੀ ਦਰਜਾਬੰਦੀ ਕੀਤੀ ਜਾਂਦੀ ਹੈ।

→

**ਕਦਮ ਦੋ**

ਫਰੇਜ਼ਰ ਵੈਲੀ ਇੰਸਟੀਚਿਊਸ਼ਨ (ਜੇਲ੍ਹ) ਵਿਚ ਲਿਜਾਇਆ ਜਾਣਾ।

ਦੋ ਚੀਜ਼ਾਂ ਹੁੰਦੀਆਂ ਹਨ:
1. ਅਸਿਸਮੈਂਟ
2.ਆਮ ਜਾਣਕਾਰੀ

## ਕਦਮ ਇਕ

- ਅਦਾਲਤਾਂ ਦੋ ਸਾਲ ਤੋਂ ਲੈ ਕੇ ਉਮਰ ਕੈਦ ਦੀ ਸਜ਼ਾ ਦਿੰਦੀਆਂ ਹਨ।
- ਕੈਦਣ ਨੂੰ ਵਾਪਸ ਸੂਬਾਈ ਪ੍ਰੀ-ਟਰਾਇਲ ਸੈਂਟਰ ਵਿਚ ਭੇਜਿਆ ਜਾਂਦਾ ਹੈ ਜਿੱਥੇ ਉਹ ਫਰੇਜ਼ਰ ਵੈਲੀ ਇੰਸਟੀਚਿਊਸ਼ਨ ਵਿਚ ਬਦਲੇ ਜਾਣ ਤੱਕ ਰਹਿੰਦੀ ਹੈ।
- ਇਸ ਸਮੇਂ ਕੈਦਣ ਨੂੰ ਸਕਿਉਰਟੀ ਦਰਜਾ ਦਿੱਤਾ ਜਾਂਦਾ ਹੈ। ਇਸ ਦਾ ਮਤਲਬ ਇਹ ਫੈਸਲਾ ਕਰਨਾ ਹੈ ਕਿ ਕੈਦਣ ਨੂੰ ਕਿਸ ਪੱਧਰ ਦੀ ਸਕਿਉਰਟੀ ਵਿਚ ਰੱਖਿਆ ਜਾਣਾ ਹੈ (ਜਿਵੇਂ ਵੱਧ ਤੋਂ ਵੱਧ, ਦਰਮਿਆਨੀ, ਘੱਟ ਤੋਂ ਘੱਟ ਸਕਿਉਰਟੀ ਵਿਚ)।

## ਕਦਮ ਦੋ

ਔਰਤ ਕੈਦਣਾਂ ਆਪਣੀ ਫੈਡਰਲ ਸਜ਼ਾ ਫਰੇਜ਼ਰ ਵੈਲੀ ਇੰਸਟੀਚਿਊਸ਼ਨ (ਐੱਫ ਵੀ ਆਈ) ਵਿਚ ਸ਼ੁਰੂ ਕਰਦੀਆਂ ਹਨ। ਜੇਲ੍ਹ ਦੇ ਵੱਖ ਵੱਖ ਇਲਾਕਿਆਂ ਵਿਚ ਸਕਿਉਰਟੀ ਦਾ ਪੱਧਰ ਵੱਖਰਾ ਵੱਖਰਾ ਹੈ। ਔਰਤ ਕੈਦਣਾਂ ਨੂੰ ਜੇਲ੍ਹ ਦੇ ਉਸ ਇਲਾਕੇ ਵਿਚ ਰੱਖਿਆ ਜਾਂਦਾ ਹੈ ਜਿਹੜਾ ਉਨ੍ਹਾਂ ਨੂੰ ਦਿੱਤੇ ਗਏ ਸਕਿਉਰਟੀ ਦੇ ਦਰਜੇ ਨਾਲ ਮੇਲ ਖਾਂਦਾ ਹੈ।

ਕਾਰਵਾਈ

## ਕਾਰਵਾਈ: ਜਦੋਂ ਅਪਰਾਧੀ ਔਰਤਾਂ ਜੇਲ੍ਹ ਜਾਂਦੀਆਂ ਹਨ ਤਾਂ ਕੀ ਹੁੰਦਾ ਹੈ? (ਜਾਰੀ)

ਇਸ ਸਮੇਂ ਦੋ ਚੀਜ਼ਾਂ ਹੁੰਦੀਆਂ ਹਨ:

1. ਅਸਿਸਮੈਂਟ
   - ਸਾਰੀਆਂ ਨਵੀਂਆਂ ਕੈਦਣਾਂ ਅਸਿਸਮੈਂਟ ਦੀ ਕਾਰਵਾਈ ਵਿੱਚੀਂ ਲੰਘਦੀਆਂ ਹਨ। ਅਸਿਸਮੈਂਟ ਵਿਚ ਖਤਰੇ ਦੇ ਪੱਧਰ ਅਤੇ ਕੈਦਣਾਂ ਦੀਆਂ ਲੋੜਾਂ ਬਾਰੇ ਵਿਚਾਰ ਕਰਨਾ ਸ਼ਾਮਲ ਹੈ। ਇਸ ਕਾਰਵਾਈ ਦਾ ਟੀਚਾ ਕੈਦਣਾਂ ਦੀਆਂ ਲੋੜਾਂ ਦਾ ਅਤੇ ਇਹ ਪਤਾ ਲਾਉਣਾ ਹੈ ਕਿ ਕਿਹੜੇ ਪੱਖ ਮੁਜਰਮਾਨਾ ਵਤੀਰੇ ਵੱਲ ਲੈ ਕੇ ਗਏ ਹਨ ਜਿਨ੍ਹਾਂ ਕਰਕੇ ਉਸ ਨੂੰ ਸਜ਼ਾ ਦਿੱਤੀ ਗਈ ਹੈ।
   - ਕੈਦਣ ਅਤੇ ਜੁਰਮ ਬਾਰੇ ਜਾਣਕਾਰੀ ਕਈ ਵੱਖ ਵੱਖ ਥਾਂਵਾਂ ਤੋਂ ਇਕੱਠੀ ਕੀਤੀ ਜਾਂਦੀ ਹੈ ਜਿਸ ਵਿਚ ਪੁਲੀਸ, ਸਰਕਾਰੀ ਵਕੀਲ, ਜੱਜ, ਅਦਾਲਤਾਂ, ਜੁਰਮ ਦਾ ਸ਼ਿਕਾਰ ਹੋਏ ਲੋਕ, *ਪਰਿਵਾਰ ਦੇ ਮੈਂਬਰ* ਅਤੇ ਖੁਦ ਕੈਦਣ ਸ਼ਾਮਲ ਹਨ। ਇਸ ਸਮੇਂ ਤੁਹਾਡੇ ਨਾਲ ਕੋਰੈਕਸ਼ਨਲ ਸਰਵਿਸ ਆਫ ਕੇਨੇਡਾ ਵਲੋਂ ਸੰਪਰਕ ਕੀਤਾ ਜਾ ਸਕਦਾ ਹੈ ਅਤੇ ਤੁਹਾਨੂੰ ਅਸਿਸਮੈਂਟ ਵਿਚ ਹਿੱਸਾ ਲੈਣ ਲਈ ਕਿਹਾ ਜਾ ਸਕਦਾ ਹੈ।
   - ਕੈਦਣਾਂ ਦੀ, ਪਹੁੰਚਣ ਤੋਂ ਬਾਅਦ 14 ਦਿਨਾਂ ਦੇ ਵਿਚ ਵਿਚ ਡਾਕਟਰੀ ਜਾਂਚ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਦੰਦਾਂ ਦਾ ਡਾਕਟਰ ਵੀ ਦੇਖਦਾ ਹੈ।
   - ਇਕੱਠੀ ਹੋਈ ਸਾਰੀ ਜਾਣਕਾਰੀ ਤੋਂ ਰਿਪੋਰਟ ਤਿਆਰ ਕੀਤੀ ਜਾਂਦੀ ਹੈ ਅਤੇ ਕੈਦਣ ਨਾਲ ਰਲ ਕੇ *ਸੁਧਾਰ ਦੀ ਵਿਉਂਤ* ਤਿਆਰ ਕੀਤੀ ਜਾਂਦੀ ਹੈ।

2. ਆਮ ਜਾਣਕਾਰੀ
   - ਸਾਰੀਆਂ ਕੈਦਣਾਂ ਨੂੰ ਜਾਣਕਾਰੀ ਦੇਣ ਵਾਲੀ ਇਕ ਕਲਾਸ ਵਿਚ ਜਾਣਾ ਪੈਂਦਾ ਹੈ ਜਿਹੜੀ ਦਾਖਲੇ ਅਤੇ ਉਨ੍ਹਾਂ ਨੂੰ ਰੱਖਣ ਦੇ ਕਾਰਜ ਬਾਰੇ ਦੱਸਦੀ ਹੈ। ਉਨ੍ਹਾਂ ਨੂੰ ਇਹ ਦੱਸਿਆ ਜਾਂਦਾ ਹੈ ਕਿ ਉਨ੍ਹਾਂ ਤੋਂ ਅਸਿਸਮੈਂਟ ਦੀ ਕਾਰਵਾਈ ਵਿਚ ਸ਼ਾਮਲ ਹੋਣ ਅਤੇ ਪ੍ਰੋਗਰਾਮਾਂ ਅਤੇ ਸਰਗਰਮੀਆਂ ਵਿਚ ਸਰਗਰਮ ਹਿੱਸਾ ਲੈਣ ਦੀ ਆਸ ਰੱਖੀ ਜਾਂਦੀ ਹੈ।
   - ਸਾਰੀਆਂ ਫੈਡਰਲ ਕੈਦਣਾਂ ਨੂੰ ਪਹੁੰਚਣ ’ਤੇ ਜਾਣਕਾਰੀ ਦੇਣ ਵਾਲੀ ਇਕ ਹੈਂਡਬੁੱਕ ਦਿਤੀ ਜਾਂਦੀ ਹੈ ਜਿਹੜੀ ਹਰ ਉਸ ਚੀਜ਼ ਬਾਰੇ ਦੱਸਦੀ ਹੈ ਜਿਸ ਬਾਰੇ ਉਨ੍ਹਾਂ ਨੂੰ ਜਾਣਨ ਦੀ ਲੋੜ ਹੁੰਦੀ ਹੈ।
   - ਉਨ੍ਹਾਂ ਨੂੰ ਮਿਲਣ ਆਉਣ, ਫੋਨ ਕਰਨ ਅਤੇ ਕੈਦੀਆਂ ਦੇ ਅਕਾਊਂਟਾਂ ਵਰਗੀਆਂ ਚੀਜ਼ਾਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

ਔਰਤ ਕੈਦਣਾਂ ਨੂੰ ਬਹੁਤ ਘੱਟ ਫਰੇਜ਼ਰ ਵੈਲੀ ਇੰਸਟੀਚਿਊਸ਼ਨ ਤੋਂ ਬਦਲਿਆ ਜਾਂਦਾ ਹੈ।
ਬ੍ਰਿਟਿਸ਼ ਕੋਲੰਬੀਆ ਵਿਚ ਔਰਤਾਂ ਲਈ ਸਿਰਫ ਇਹ ਹੀ ਇਕ ਫੈਡਰਲ ਜੇਲ੍ਹ ਹੈ।

**ਤੁਸੀਂ ਕੈਦੀਆਂ ਨੂੰ ਦਿੱਤੀ ਜਾਂਦੀ ਓਰੀਐਨਟੇਸ਼ਨ ਹੈਂਡਬੁੱਕ ਦੀ ਕਾਪੀ ਮੰਗ ਸਕਦੇ ਹੋ। ਇਹ ਤੁਹਾਡੇ ਸਵਾਲਾਂ ਦੇ ਜਵਾਬ ਦੇਣ ਵਿਚ ਮਦਦ ਕਰੇਗੀ ਅਤੇ ਇਹ ਤੁਹਾਨੂੰ ਜੇਲ੍ਹ ਬਾਰੇ ਹੋਰ ਖਾਸ ਜਾਣਕਾਰੀ ਦੇਵੇਗੀ।**



## ਪੈਰੋਲ ਬਾਰੇ ਜਾਣਕਾਰੀ (ਜਾਰੀ)

**ਕੋਈ ਜਣਾ ਪੈਰੋਲ ਲਈ ਅਪਲਾਈ ਕਰਨ ਦੇ ਕਦੋਂ ਯੋਗ ਹੁੰਦਾ ਹੈ?**

**ਸਜ਼ਾ** →

- **ਸਜ਼ਾ ਸ਼ੁਰੂ ਹੁੰਦੀ ਹੈ** ਆਪਣੀ ਸਜ਼ਾ ਦੌਰਾਨ ਕਿਸੇ ਵੇਲੇ ਵੀ *ਆਰਜ਼ੀ ਤੌਰ ’ਤੇ ਨਿਗਰਾਨੀ ਹੇਠ ਗੈਰਹਾਜ਼ਰ* ਹੋਣ ਦੇ ਯੋਗ ਹੋਣਾ
- 1/6 ਜਾਂ 6 ਮਹੀਨੇ ਸਜ਼ਾ ਭੁਗਤ ਲੈਣ ਤੋਂ ਬਾਅਦ (ਜੋ ਵੀ ਜ਼ਿਆਦਾ ਹੋਵੇ) ਕੋਈ ਵਿਅਕਤੀ *ਬਿਨਾਂ ਨਿਗਰਾਨੀ ਦੇ ਆਰਜ਼ੀ ਤੌਰ ’ਤੇ ਗੈਰਹਾਜ਼ਰੀ ਲਈ ਅਤੇ ਕੰਮ ਲਈ ਰਿਹਾਈ* ਲਈ ਯੋਗ ਹੁੰਦਾ ਹੈ।
- ਆਪਣੀ ਪੂਰੀ ਪੈਰੋਲ ਦੀ ਤਰੀਕ ਤੋਂ 6 ਮਹੀਨੇ ਪਹਿਲਾਂ ਜਾਂ ਆਪਣੀ ਸਜ਼ਾ ਦੇ 6 ਮਹੀਨੇ ਪੂਰੇ ਹੋ ਜਾਣ ’ਤੇ ਕੋਈ ਜਣਾ *ਦਿਨ ਵੇਲੇ ਪੈਰੋਲ* ਲੈਣ ਦੇ ਯੋਗ ਹੁੰਦਾ ਹੈ (ਇਨ੍ਹਾਂ ਵਿੱਚੋਂ ਜਿਹੜਾ ਵੀ ਸਮਾਂ ਬਾਅਦ ਵਿਚ ਆਉਂਦਾ ਹੈ)
- ਕੋਈ ਵਿਅਕਤੀ ਆਪਣੀ ਸਜ਼ਾ ਦਾ 1/3 ਭੁਗਤ ਲੈਣ ਤੋਂ ਬਾਅਦ ਜਾਂ ਸੱਤ ਸਾਲਾਂ ਬਾਅਦ (ਜੋ ਵੀ ਘੱਟ ਹੋਵੇ) *ਪੂਰੀ ਪੈਰੋਲ* ਲੈਣ ਦੇ ਯੋਗ ਹੁੰਦਾ ਹੈ।
- ਸਜ਼ਾ ਦੇ 2/3 ਭੁਗਤ ਲੈਣ ਤੋਂ ਬਾਅਦ *ਕਾਨੂੰਨੀ ਤੌਰ ’ਤੇ ਰਿਹਾਈ* ਹੋ ਜਾਂਦੀ ਹੈ।
- **ਵਾਰੰਟ ਖਤਮ ਹੋਣ ਦੀ ਤਰੀਕ।** ਇਹ ਸਜ਼ਾ ਦਾ ਅੰਤ ਹੈ।

**ਮੈਂ ਪੈਰੋਲ ਲੈਣ ਵਿਚ ਕਿਸੇ ਦੀ ਮਦਦ ਕਿਵੇਂ ਕਰ ਸਕਦਾ/ਸਕਦੀ ਹਾਂ?**
ਤੁਹਾਡਾ ਇਸ ਮਾਮਲੇ ਵਿਚ ਕੋਈ ਸਿੱਧਾ ਅਸਰ *ਨਹੀਂ ਹੈ* ਕਿ ਕੀ ਤੁਹਾਡੇ ਪਰਿਵਾਰ ਦੇ ਮੈਂਬਰ ਨੂੰ ਪੈਰੋਲ ਮਿਲਦੀ ਹੈ ਕਿ ਨਹੀਂ। ਪਰ:

- ਤੁਸੀਂ ਉਨ੍ਹਾਂ ਵਿਚ ਦਿਲਚਸਪੀ ਰੱਖ ਕੇ ਅਤੇ ਉਨ੍ਹਾਂ ਦੀ ਜੇਲ੍ਹ ਦੀ ਜ਼ਿੰਦਗੀ ਵਿਚ ਹਿੱਸਾ ਲੈਂਦੇ ਰਹਿ ਕੇ ਉਨ੍ਹਾਂ ਦੀ ਮਦਦ ਕਰ ਸਕਦੇ ਹੋ।
- ਉਨ੍ਹਾਂ ਨੂੰ ਇਹ ਸਵਾਲ ਪੁੱਛੋ ਕਿ ਉਹ ਕਿਹੜੇ ਪ੍ਰੋਗਰਾਮ ਲੈ ਰਹੇ ਹਨ, ਉਨ੍ਹਾਂ ਨੇ ਕੀ ਸਿਖਿਆ ਹੈ, ਅਤੇ ਇਹ ਉਨ੍ਹਾਂ ’ਤੇ ਕਿਵੇਂ ਲਾਗੂ ਹੁੰਦਾ ਹੈ।
- ਉਨ੍ਹਾਂ ਨੂੰ ਜੇਲ੍ਹ ਤੋਂ ਬਾਹਰ ਵਾਪਰ ਰਹੀਆਂ ਚੀਜ਼ਾਂ ਬਾਰੇ ਜਾਣਕਾਰੀ ਦਿੰਦੇ ਰਹੋ।
- ਉਨ੍ਹਾਂ ਦੀ *ਸੁਧਾਰ ਦੀ ਵਿਉਂਤ* ਨੂੰ ਮੁਕੰਮਲ ਕਰਨ ਲਈ ਉਨ੍ਹਾਂ ਨੂੰ ਉਤਸ਼ਾਹ ਦੇ ਕੇ ਇਸ ਵਿਉਂਤ ਦਾ ਚੰਗਾ ਹਿੱਸਾ ਬਣੋ।
- ਕੈਦੀਆਂ ਨੂੰ ਆਪਣੇ ਬਾਰੇ ਲਿਖੀਆਂ ਜਾਣ ਵਾਲੀਆਂ ਸਾਰੀਆਂ ਰਿਪੋਰਟਾਂ ਦੀਆਂ ਕਾਪੀਆਂ ਮਿਲਦੀਆਂ ਹਨ। ਜੇ ਉਹ ਚਾਹੁਣ ਤਾਂ ਉਹ ਇਹ ਕਾਪੀਆਂ ਤੁਹਾਨੂੰ ਦਿਖਾ ਸਕਦੇ ਹਨ।

ਪੈਰੋਲ ਬਾਰੇ ਜਾਣਕਾਰੀ

ਜੇਲ੍ਹ ਵਿਚ ਨਸ਼ੇ

## ਜੇਲ੍ਹ ਵਿਚ ਨਸ਼ੇ (ਜਾਰੀ)

**ਜੇ ਕੋਈ ਕੈਦੀ ਬਲੈਕਮੇਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਜਾਂ ਡਰਾਉਣ-ਧਮਕਾਉਣ ਵਾਲੇ ਤਰੀਕੇ ਵਰਤ ਰਿਹਾ ਹੈ ਤਾਂ ਉਸ ਦਾ ਕੀ ਹੋਵੇਗਾ?**

ਉਸ ਨੂੰ ਚਾਰਜ ਕੀਤਾ ਜਾ ਸਕਦਾ ਹੈ, ਜ਼ਿਆਦਾ ਸਕਿਉਰਟੀ ਵਾਲੀ ਜੇਲ੍ਹ ਵਿਚ ਭੇਜਿਆ ਜਾ ਸਕਦਾ ਹੈ, ਅਤੇ/ਜਾਂ ਇਸ ਨਾਲ ਉਸ ਦੇ ਪੈਰੋਲ 'ਤੇ ਰਿਹਾ ਹੋਣ ਦੇ ਮੌਕਿਆਂ 'ਤੇ ਅਸਰ ਪੈ ਸਕਦਾ ਹੈ।

**ਟਿੱਪ-ਲਾਈਨ: 1-866-955-5550**

ਇਹ ਕਿਸੇ ਵੀ ਉਸ ਸਰਗਰਮੀ ਬਾਰੇ ਜਾਣਕਾਰੀ ਦੇਣ ਦਾ ਗੁਪਤ ਤਰੀਕਾ ਹੈ ਜਿਹੜੀ ਤੁਹਾਡੀ, ਤੁਹਾਡੇ ਪਰਿਵਾਰ ਦੀ, ਸਟਾਫ ਦੀ ਜਾਂ ਹੋਰ ਮੁਲਾਕਾਤੀਆਂ ਦੀ ਸੁਰੱਖਿਆ ਨੂੰ ਖਤਰੇ ਵਿਚ ਪਾ ਸਕਦੀ ਹੈ।

## ਪੈਰੋਲ ਬਾਰੇ ਜਾਣਕਾਰੀ

**ਪੈਰੋਲ ਕੀ ਹੈ?**

- ਪੈਰੋਲ ਅਪਰਾਧੀ ਨੂੰ ਸ਼ਰਤਾਂ ਨਾਲ ਦਿੱਤੀ ਜਾਣ ਵਾਲੀ ਰਿਹਾਈ ਹੈ ਜੋ ਕਿ ਨੈਸ਼ਨਲ ਪੈਰੋਲ ਬੋਰਡ ਵਲੋਂ ਦਿੱਤੀ ਜਾਂਦੀ ਹੈ।
- ਪੈਰੋਲ ਨੂੰ ਕੰਡੀਸ਼ਨਲ ਰਿਲੀਜ਼ ਵੀ ਆਖਿਆ ਜਾਂਦਾ ਹੈ ਕਿਉਂਕਿ ਪੈਰੋਲ 'ਤੇ ਜਾਣ ਵਾਲਿਆਂ ਨੂੰ ਕਮਿਉਨਟੀ ਵਿਚ ਇਸ ਸਮਝ ਨਾਲ ਛੱਡਿਆ ਜਾਂਦਾ ਹੈ ਕਿ ਉਹ ਸਾਰੀਆਂ ਸ਼ਰਤਾਂ ਦੀ ਪਾਲਣਾ ਕਰਨਗੇ। ਜੇ ਉਹ ਆਪਣੀਆਂ ਸ਼ਰਤਾਂ ਦੀ ਪਾਲਣਾ ਨਹੀਂ ਕਰਦੇ ਤਾਂ ਉਨ੍ਹਾਂ ਦੀ ਪੈਰੋਲ ਰੱਦ ਕੀਤੀ ਜਾ ਸਕਦੀ ਹੈ ਅਤੇ ਉਨ੍ਹਾਂ ਨੂੰ ਜੇਲ੍ਹ ਵਿਚ ਵਾਪਸ ਆਉਣਾ ਪਵੇਗਾ।
- ਪੈਰੋਲ ਬਾਰੇ ਫੈਸਲੇ ਦੇ ਸਬੰਧ ਵਿਚ ਸੱਭ ਤੋਂ ਮਹੱਤਵਪੂਰਨ ਫਿਕਰ *ਸੁਸਾਇਟੀ ਦੀ ਸੇਫਟੀ ਅਤੇ ਹਿਫਾਜ਼ਤ* ਹੁੰਦਾ ਹੈ। ਨੈਸ਼ਨਲ ਪੈਰੋਲ ਬੋਰਡ ਇਹ ਦੇਖੇਗਾ ਕਿ ਅਪਰਾਧੀ ਵਲੋਂ ਜੁਰਮ ਕਰਨ ਦਾ ਖਤਰਾ ਕਿੰਨਾ ਹੈ।
- ਸ਼ਰਤਾਂ ਸਮੇਤ ਰਿਹਾਈ ਦਾ ਮਤਲਬ ਇਹ *ਨਹੀਂ ਹੈ* ਕਿ ਸਜ਼ਾ ਘਟਾ ਦਿੱਤੀ ਗਈ ਹੈ। ਇਸ ਦਾ ਮਤਲਬ ਹੈ ਕਿ ਬਾਕੀ ਰਹਿੰਦੀ ਸਜ਼ਾ ਖਾਸ ਸ਼ਰਤਾਂ ਨਾਲ ਕਮਿਉਨਟੀ ਵਿਚ ਅਤੇ ਕਮਿਉਨਟੀ ਪੈਰੋਲ ਅਫਸਰ ਦੀ ਨਿਗਰਾਨੀ ਹੇਠ ਕੱਟੀ ਜਾ ਸਕਦੀ ਹੈ।

**ਕਿਸੇ ਵਿਅਕਤੀ ਨੂੰ ਪੈਰੋਲ ਕਿਵੇਂ ਮਿਲਦੀ ਹੈ?**

- ਜੇਲ੍ਹ ਵਿਚ ਹੋਣ ਦੌਰਾਨ ਚੰਗੇ ਵਤੀਰੇ ਦਾ ਪ੍ਰਦਰਸ਼ਨ ਕਰਕੇ।
- ਕਮਿਉਨਟੀ ਦੀ ਮਦਦ ਅਤੇ ਰਿਹਾਈ ਬਾਰੇ ਤਕੜੀ ਵਿਉਂਤ ਹੋਣ ਨਾਲ।
- ਪੈਰੋਲ ਲੈਣ ਲਈ ਕੋਈ ਕੈਦੀ ਜਿਹੜੀ *ਸੱਭ ਤੋਂ ਜ਼ਰੂਰੀ* ਚੀਜ਼ ਕਰ ਸਕਦਾ ਹੈ, ਉਹ ਉਸ ਵਲੋਂ ਆਪਣੇ *ਸੁਧਾਰ ਦੀ ਵਿਉਂਤ* ਵਿਚ ਹਿੱਸਾ ਲੈਣਾ ਹੈ।



ਆਮ ਪੁੱਛੇ ਜਾਂਦੇ ਸਵਾਲ

## ਕੁਝ ਆਮ ਪੁੱਛੇ ਜਾਂਦੇ ਸਵਾਲ

**ਜੇ ਮੇਰੇ ਪਰਿਵਾਰ ਦੇ ਮੈਂਬਰ ਨੂੰ ਵੱਧ ਤੋਂ ਵੱਧ ਸਕਿਉਰਟੀ ਵਾਲੀ ਜੇਲ੍ਹ ਵਿਚ ਰੱਖਿਆ ਗਿਆ ਹੈ ਤਾਂ ਕੀ ਉਹ ਆਪਣੀ ਸਾਰੀ ਸਜ਼ਾ ਉੱਥੇ ਹੀ ਕੱਟੇਗਾ?**

- ਨਹੀਂ, ਜ਼ਰੂਰੀ ਨਹੀਂ, ਕੈਦੀਆਂ ਨੂੰ ਵੱਧ ਤੋਂ ਵੱਧ ਸਕਿਉਰਟੀ ਵਾਲੀ ਜੇਲ੍ਹ ਤੋਂ ਦਰਮਿਆਨੀ ਸਕਿਉਰਟੀ ਵਾਲੀ ਜੇਲ੍ਹ ਵਿਚ ਅਤੇ ਉੱਥੋਂ ਘੱਟ ਤੋਂ ਘੱਟ ਸਕਿਉਰਟੀ ਵਾਲੀ ਜੇਲ੍ਹ ਵਿਚ ਤਬਦੀਲ ਕੀਤਾ ਜਾ ਸਕਦਾ ਹੈ। ਬੁਨਿਆਦੀ ਟੀਚਾ ਕਮਿਉਨਟੀ ਵਿਚ ਛੱਡਣ ਤੋਂ ਪਹਿਲਾਂ ਉਨ੍ਹਾਂ ਨੂੰ ਘੱਟ ਤੋਂ ਘੱਟ ਸਕਿਉਰਟੀ ਵਾਲੀ ਜੇਲ੍ਹ ਵਿਚ ਰੱਖਣਾ ਹੁੰਦਾ ਹੈ। ਇਸ ਤਰ੍ਹਾਂ ਜੇਲ੍ਹ ਤੋਂ ਕਮਿਉਨਟੀ ਵਿਚ ਤਬਦੀਲੀ ਥੋੜ੍ਹੀ ਸੌਖੀ ਹੋ ਜਾਂਦੀ ਹੈ।
- ਘੱਟ ਸਕਿਉਰਟੀ ਵਾਲੀ ਜੇਲ੍ਹ ਵਿਚ ਜਾਣ ਲਈ ਕੈਦੀਆਂ ਨੂੰ ਚੰਗਾ ਵਤੀਰਾ ਦਿਖਾਉਣ ਅਤੇ ਆਪਣੇ ਸੁਧਾਰ ਦੀ ਵਿਉਂਤ ਦੀ ਪਾਲਣਾ ਕਰਨ ਦੀ ਲੋੜ ਹੁੰਦੀ ਹੈ।
- **ਔਰਤ** ਕੈਦਣਾਂ ਨੂੰ ਫਰੇਜ਼ਰ ਵੈਲੀ ਇੰਸਟੀਚਿਊਸ਼ਨ ਵਿਚ ਰੱਖਿਆ ਜਾਂਦਾ ਹੈ, ਪਰ ਜੇਲ੍ਹ ਦੇ ਵਿਚ ਹੀ ਸਕਿਉਰਟੀ ਦੇ ਵੱਖ ਵੱਖ ਪੱਧਰ ਹਨ।
- ਕਿਸੇ ਕੈਦੀ ਦੀ ਸਕਿਉਰਟੀ ਦੀ ਦਰਜਾਬੰਦੀ ਵਿਚ *ਵਾਧਾ* ਵੀ ਕੀਤਾ ਜਾ ਸਕਦਾ ਹੈ। ਉਦਾਹਰਣ ਲਈ, ਉਨ੍ਹਾਂ ਨੂੰ ਦਰਮਿਆਨੀ ਸਕਿਉਰਟੀ ਵਾਲੀ ਜੇਲ੍ਹ ਤੋਂ ਵੱਧ ਤੋਂ ਵੱਧ ਸਕਿਉਰਟੀ ਵਾਲੀ ਜੇਲ੍ਹ ਵਿਚ ਭੇਜਿਆ ਜਾ ਸਕਦਾ ਹੈ।

**ਕੀ ਮੈਂ ਆਪਣੇ ਪਰਿਵਾਰ ਦੇ ਮੈਂਬਰ ਬਾਰੇ ਜੇਲ੍ਹ ਵਿਚ ਕਿਸੇ ਨਾਲ ਗੱਲ ਕਰ ਸਕਦਾ/ਸਕਦੀ ਹਾਂ?**

- ਹਾਂ, ਤੁਸੀਂ ਇੰਸਟੀਚਿਊਸ਼ਨਲ ਪੈਰੋਲ ਅਫਸਰ ਜਾਂ ਯੂਨਿਟ ਮੈਨੇਜਰ ਨਾਲ ਗੱਲ ਕਰ ਸਕਦੇ ਹੋ। ਉਹ ਤੁਹਾਡੇ ਪਰਿਵਾਰ ਦੇ ਮੈਂਬਰ ਦੀ ਜਾਣਕਾਰੀ ਤੁਹਾਡੇ ਨਾਲ ਸਾਂਝੀ ਕਰ ਸਕਦੇ ਹਨ ਪਰ ਇਸ ਲਈ ਉਨ੍ਹਾਂ ਨੂੰ ਕੈਦੀ ਤੋਂ ਆਗਿਆ ਮਿਲੀ ਹੋਣੀ ਚਾਹੀਦੀ ਹੈ।
- ਤੁਸੀਂ ਉਨ੍ਹਾਂ ਨਾਲ ਜਾਣਕਾਰੀ ਬਾਰੇ ਆਮ ਸ਼ਬਦਾਂ ਵਿਚ ਗੱਲ ਕਰ ਸਕਦੇ ਹੋ ਜਿਹੜੀ ਜਾਣਕਾਰੀ ਲੋਕਾਂ ਲਈ ਉਪਲਬਧ ਹੁੰਦੀ ਹੈ ਜਿਵੇਂ ਕਿ ਫੈਸਲਿਆਂ, ਪਾਲਸੀਆਂ, ਕਾਰਵਾਈਆਂ ਅਤੇ ਇਸ ਤਰ੍ਹਾਂ ਹੀ ਹੋਰ ਚੀਜ਼ਾਂ ਦੇ ਆਮ ਕਾਰਨ ਕੀ ਹਨ।

**ਕੋਈ ਕੈਦੀ ਬੈਂਕ ਅਕਾਊਂਟ ਕਿਵੇਂ ਖੋਲ੍ਹਦਾ ਹੈ?**

- ਹਰ ਕੈਦੀ ਲਈ ਇਕ ਇਨਮੇਟ ਟਰੱਸਟ ਫੰਡ ਬਣਾਇਆ ਜਾਂਦਾ ਹੈ ਅਤੇ ਇਹ ਦੋ ਅਕਾਊਂਟਾਂ *ਸੇਵਿੰਗਜ਼ ਅਕਾਊਂਟ* ਅਤੇ *ਮੌਜੂਦਾ ਵਰਤੋਂ ਲਈ ਅਕਾਊਂਟ* ਤੋਂ ਬਣਿਆ ਹੁੰਦਾ ਹੈ।
- ਅਪਰਾਧੀ ਨੂੰ ਜੇਲ੍ਹ ਦੇ ਬਾਹਰੋਂ ਮਿਲਣ ਵਾਲੇ ਸਾਰੇ ਪੈਸੇ ਸੇਵਿੰਗਜ਼ ਅਕਾਊਂਟ ਵਿਚ ਜਮ੍ਹਾਂ ਕਰਵਾਏ ਜਾਣੇ ਜ਼ਰੂਰੀ ਹਨ। *ਇਹ ਪਤਾ ਲਾਉਣ ਲਈ ਕਿ ਇਹ ਕਿਵੇਂ ਕਰਨਾ ਹੈ, ਕਿਰਪਾ ਕਰਕੇ ਜੇਲ੍ਹ ਨਾਲ ਸੰਪਰਕ ਕਰੋ।*
- ਕੋਈ ਵੀ ਕੈਦੀ ਇਕ ਸਾਲ ਵਿਚ 500 ਡਾਲਰ ਤੱਕ ਆਪਣੇ ਸੇਵਿੰਗਜ਼ ਅਕਾਊਂਟ ਤੋਂ ਮੌਜੂਦਾ ਅਕਾਊਂਟ ਵਿਚ ਕੈਨਟੀਨ ਵਿਚ ਖਰਚਣ ਲਈ ਤਬਦੀਲ ਕਰ ਸਕਦਾ ਹੈ। ਕੈਦੀ ਇਕ ਸਾਲ ਵਿਚ 500 ਡਾਲਰ ਤੋਂ ਜ਼ਿਆਦਾ ਡਾਲਰ ਤਬਦੀਲ ਨਹੀਂ ਕਰ ਸਕਦਾ।



## ਕੁਝ ਆਮ ਪੁੱਛੇ ਜਾਂਦੇ ਸਵਾਲ (ਜਾਰੀ)

**ਲੌਕਡਾਊਨ ਕੀ ਹੈ?**



- ਲੌਕਡਾਊਨ ਉਸ ਵੇਲੇ ਨੂੰ ਕਹਿੰਦੇ ਹਨ ਜਦੋਂ ਜੇਲ੍ਹ ਵਿਚ ਹਰ ਹਰਕਤ ਰੋਕ ਦਿੱਤੀ ਜਾਂਦੀ ਹੈ।
- ਕਿਸੇ ਨੂੰ ਵੀ ਅੰਦਰ ਆਉਣ ਜਾਂ ਬਾਹਰ ਜਾਣ ਦੀ ਆਗਿਆ ਨਹੀਂ ਹੁੰਦੀ।
- ਕੈਦੀ *ਫੋਨ ਕਾਲਾਂ ਨਹੀਂ ਕਰ ਸਕਦੇ ਜਾਂ ਉਨ੍ਹਾਂ ਨੂੰ ਕੋਈ ਮਿਲਣ ਨਹੀਂ ਆ ਸਕਦਾ।*
- ਲੌਕਡਾਊਨ ਕਈ ਵੱਖੋ ਵੱਖਰੇ ਕਾਰਨਾਂ ਕਰਕੇ ਹੁੰਦਾ ਹੈ, ਜਿਵੇਂ ਕਿ ਜਦੋਂ ਵੱਡੇ ਪੱਧਰ ’ਤੇ ਤਲਾਸ਼ੀ ਲੈਣੀ ਹੋਵੇ ਜਾਂ ਜਦੋਂ ਕੋਈ ਗੰਭੀਰ ਘਟਨਾ ਵਾਪਰ ਜਾਵੇ।
- ਲੌਕਡਾਊਨ ਦਾ ਮੰਤਵ ਕੈਦੀਆਂ ਅਤੇ ਜੇਲ੍ਹ ਦੇ ਸਟਾਫ ਦੋਨਾਂ ਦੀ ਸੁਰੱਖਿਆ ਦੀ ਹਿਫਾਜ਼ਤ ਕਰਨਾ ਹੁੰਦਾ ਹੈ।
- ਤੁਸੀਂ ਇਹ ਪਤਾ ਲਾਉਣ ਲਈ ਜੇਲ੍ਹ ਨੂੰ ਫੋਨ ਕਰ ਸਕਦੇ ਹੋ ਕਿ ਕੀ ਲੌਕਡਾਊਨ ਹੋਇਆ ਹੈ ਜਾਂ ਨਹੀਂ।

**ਕੋਈ ਕੈਦੀ ਟੈਲੀਫੋਨ ਕਾਲ ਕਿਵੇਂ ਕਰਦਾ ਹੈ?**

- ਕਾਨੂੰਨੀ ਜਾਂ ਵਿਸ਼ੇਸ਼ ਰਿਆਇਤ ਵਾਲੀ ਗੱਲਬਾਤ ਤੋਂ ਬਿਨਾਂ ਬਾਕੀ ਸਾਰੀਆਂ ਫੋਨ ਕਾਲਾਂ ’ਤੇ ਨਿਗਰਾਨੀ ਰੱਖੀ ਜਾ ਸਕਦੀ ਹੈ।



- ਕੈਦੀ ਫੋਨ ਨੰਬਰ ਦੀ ਮਨਜ਼ੂਰੀ ਲੈਣ ਲਈ ਇਕ ਅਰਜ਼ੀ ਫਾਰਮ ਭਰਦਾ ਹੈ।
- ਜੇਲ੍ਹ ਇਹ ਤਸਦੀਕ ਕਰਦੀ ਹੈ ਕਿ ਅਰਜ਼ੀ ਵਿਚ ਜਿਸ ਵਿਅਕਤੀ ਦਾ ਨਾਂ ਲਿਖਿਆ ਗਿਆ ਹੈ, ਉਹ ਕੈਦੀ ਨਾਲ ਸੰਪਰਕ ਚਾਹੁੰਦਾ ਹੈ।
- ਕੈਦੀਆਂ ਵਲੋਂ ਫੋਨ ਕੀਤੇ ਜਾਣ ਤੋਂ *ਪਹਿਲਾਂ* ਨੰਬਰ ਲਈ ਮਨਜ਼ੂਰੀ ਮਿਲਣੀ ਜ਼ਰੂਰੀ ਹੈ।
- ਕੈਦੀ ਨੂੰ ਚਾਲੀ ਤੋਂ ਜ਼ਿਆਦਾ ਫੋਨ ਨੰਬਰਾਂ ਦੀ ਮਨਜ਼ੂਰੀ ਨਹੀਂ ਮਿਲ ਸਕਦੀ।
- ਸਿਸਟਮ ਸੈੱਲ ਫੋਨ ਨੰਬਰਾਂ ਜਾਂ 1-800 / 1-888 ਨੰਬਰਾਂ ਨੂੰ ਪ੍ਰਵਾਨ ਨਹੀਂ ਕਰਦਾ।

- ਜੇ ਅਪਰਾਧੀ ਦੀ ਜੇਲ੍ਹ ਬਦਲਦੀ ਹੈ ਤਾਂ ਉਸ ਦੀ ਫੋਨਾਂ ਦੀ ਲਿਸਟ ਉਸ ਦੇ ਨਾਲ ਜਾਂਦੀ ਹੈ। ਉਦਾਹਰਣ ਲਈ, ਜੇ ਉਹ ਕਿਸੇ ਨਵੀਂ ਜੇਲ੍ਹ ਵਿਚ ਜਾਂਦਾ ਹੈ ਜਾਂ ਸੂਬਾ ਬਦਲਦਾ ਹੈ।
- *ਫੋਨ ਕਾਲ ਦੇ ਖਰਚੇ ਦਾ ਬਿੱਲ ਫੋਨ ਪ੍ਰਾਪਤ ਕਰਨ ਵਾਲਿਆਂ ਨੂੰ ਮਿਲਦਾ ਹੈ।*

**ਮੈਂ ਕੈਦੀ ਨੂੰ ਚਿੱਠੀ ਕਿਵੇਂ ਭੇਜ ਸਕਦਾ/ਸਕਦੀ ਹਾਂ?**

- ਇਹ ਪੱਕਾ ਕਰੋ ਕਿ ਵਾਪਸੀ ਐਡਰੈਸ ਵਿਚ ਤੁਹਾਡਾ ਨਾਂ ਲਿਖਿਆ ਹੋਵੇ ਅਤੇ ਇਹ ਲਿਫਾਫੇ ਦੇ ਬਾਹਰ ਲਿਖਿਆ ਹੋਵੇ।
- ਕੈਦੀਆਂ ਦੀ ਸਾਰੀ ਡਾਕ ਸਟਾਫ ਵਲੋਂ ਚੈੱਕ ਕੀਤੀ ਜਾਂਦੀ ਹੈ।
- ਕੈਦੀ ਜਦੋਂ ਵੀ ਚਾਹੁਣ ਤੁਹਾਨੂੰ ਚਿੱਠੀਆਂ ਭੇਜ ਸਕਦੇ ਹਨ।





## ਜੇਲ੍ਹ ਵਿਚ ਨਸ਼ੇ

**ਜੇਲ੍ਹ ਵਿਚ ਨਸ਼ਿਆਂ ਦਾ ਕੀ ਮੁੱਲ ਹੈ?**



- ਨਸ਼ੇ ਜੇਲ੍ਹ ਵਿਚ ਬਹੁਤ ਕੀਮਤੀ ਹਨ। ਅਕਸਰ ਇਨ੍ਹਾਂ ਦੀ ਜੇਲ੍ਹ ਵਿਚ ਕੀਮਤ ਸਟਰੀਟ ਨਾਲੋਂ ਜ਼ਿਆਦਾ ਹੁੰਦੀ ਹੈ।
- ਨਸ਼ੇ ਤਾਕਤ, ਰਸੂਖ ਦਾ ਸਾਧਨ ਹਨ ਅਤੇ ਅਕਸਰ ਇਨ੍ਹਾਂ ਨੂੰ ਕਰੰਸੀ ਦੇ ਤੌਰ ’ਤੇ ਵਰਤਿਆ ਜਾਂਦਾ ਹੈ।
- ਜੇਲ੍ਹਾਂ ਵਿਚ ਬਹੁਤੀ ਹਿੰਸਾ ਨਸ਼ਿਆਂ ਦੇ ਵਪਾਰ ਨਾਲ ਸੰਬੰਧਿਤ ਸਰਗਰਮੀ ਕਾਰਨ ਹੁੰਦੀ ਹੈ। ਕਦੇ ਕਦੇ ਨਸ਼ਿਆਂ ਦੇ ਵਪਾਰ ਵਿਚ ਸ਼ਮੂਲੀਅਤ ਕਾਰਨ ਜਾਂ ਨਸ਼ਿਆਂ ਦੇ ਕਰਜ਼ੇ ਹੇਠ ਦੱਬੇ ਕੈਦੀ ਜ਼ਖਮੀ ਹੋ ਸਕਦੇ ਹਨ।

**ਜੇ ਮੈਨੂੰ ਜੇਲ੍ਹ ਵਿਚ ਨਸ਼ੇ ਲਿਆਉਣ ਲਈ ਆਖਿਆ ਜਾਵੇ ਤਾਂ ਮੈਂ ਕੀ ਕਰਾਂ?**

- ਲੋਕਾਂ ਤੋਂ ਜੇਲ੍ਹਾਂ ਵਿਚ ਨਸ਼ੇ ਮੰਗਵਾਉਣ ਲਈ ਕਦੇ ਕਦੇ ਚਾਲਬਾਜ਼ੀਆਂ, ਧਮਕੀਆਂ, ਮਾਰਕੁਟਾਈ, ਅਤੇ/ਜਾਂ ਬਲੈਕਮੇਲਿੰਗ ਦੀ ਵਰਤੋਂ ਕੀਤੀ ਜਾਂਦੀ ਹੈ।
- ਤੁਸੀਂ ਇਸ ਬਾਰੇ ਜੇਲ੍ਹ ਦੇ ਸਟਾਫ ਨਾਲ ਗੱਲ ਕਰ ਸਕਦੇ ਹੋ।

**ਜੇ ਮੈਂ ਜੇਲ੍ਹ ਨੂੰ ਨਸ਼ੇ ਲਿਆਉਂਦਾ ਫੜਿਆ/ਲਿਆਉਂਦੀ ਫੜੀ ਜਾਵਾਂ ਤਾਂ ਕੀ ਹੋਵੇਗਾ?**



- ਲੋਕਲ ਪੁਲੀਸ ਤੁਹਾਡੇ ’ਤੇ ਚਾਰਜ ਲਾ ਸਕਦੀ ਹੈ।
- ਤੁਹਾਡੀਆਂ ਮੁਲਾਕਾਤਾਂ ਰੱਦ ਕੀਤੀਆਂ ਜਾ ਸਕਦੀਆਂ ਹਨ ਜਾਂ ਇਨ੍ਹਾਂ ’ਤੇ ਪਾਬੰਦੀਆਂ ਲਾਈਆਂ ਜਾ ਸਕਦੀਆਂ ਹਨ।
- ਇਸ ਨਾਲ ਕੈਦੀ ਦੀ ਪੈਰੋਲ ’ਤੇ ਰਿਹਾਈ ’ਤੇ ਅਸਰ ਪੈ ਸਕਦਾ ਹੈ।
- ਜਿਸ ਕੈਦੀ ਨੂੰ ਤੁਸੀਂ ਮਿਲਣ ਆ ਰਹੇ ਹੋ ਉਸ ਨੂੰ ਚਾਰਜ ਕੀਤਾ ਜਾ ਸਕਦਾ ਹੈ, ਉਸ ਨੂੰ ਜ਼ਿਆਦਾ ਸਕਿਉਰਟੀ ਵਾਲੀ ਜੇਲ੍ਹ ਵਿਚ ਲਿਜਾਇਆ ਜਾ ਸਕਦਾ ਹੈ, ਜਾਂ ਉਸ ਦੀਆਂ ਕੁਝ ਸਹੂਲਤਾਂ ਖੋਹੀਆਂ ਜਾ ਸਕਦੀਆਂ ਹਨ।

**ਜੇ ਮੈਂ ਨਸ਼ੇ ਲਿਆਉਣ ਲਈ ਦਬਾਅ ਪਾਏ ਜਾਣ ਬਾਰੇ ਦੱਸਾਂ ਤਾਂ ਕੀ ਹੋਵੇਗਾ?**

- ਜੇ ਤੁਹਾਨੂੰ ਡਰਾਇਆ-ਧਮਕਾਇਆ ਜਾ ਰਿਹਾ ਹੈ, ਜਾਂ ਬਲੈਕਮੇਲ ਕੀਤਾ ਜਾ ਰਿਹਾ ਹੈ ਤਾਂ ਸਟਾਫ ਕਮਿਊਨਟੀ ਵਿਚ ਤੁਹਾਡੀ ਸੁਰੱਖਿਆ ਦੇ ਪ੍ਰਬੰਧ ਕਰਨ ਵਿਚ ਮਦਦ ਕਰ ਸਕਦਾ ਹੈ।

ਜੇ ਉਸ ਵਿਅਕਤੀ ਨੂੰ ਧਮਕਾਇਆ ਜਾ ਰਿਹਾ ਹੈ ਜਿਸ ਨੂੰ ਤੁਸੀਂ ਮਿਲਣ ਆ ਰਹੇ ਹੋ ਅਤੇ ਤੁਸੀਂ ਇਸ ਦੀ ਰਿਪੋਰਟ ਕਰਦੇ ਹੋ:

- ਸਟਾਫ ਸੁਰੱਖਿਆ ਵਧਾ ਕੇ ਉਸ ਦੀ ਮਦਦ ਕਰ ਸਕਦਾ ਹੈ (ਇਸ ਦਾ ਆਮ ਤੌਰ ’ਤੇ ਮਤਲਬ ਉਸ ਨੂੰ ਵੱਖਰੇ ਯੂਨਿਟ ਵਿਚ ਲਿਜਾਣਾ ਜਾਂ ਪ੍ਰੋਟੈਕਟਿਵ ਕਸਟੱਡੀ ਵਿਚ ਰੱਖਣਾ ਹੁੰਦਾ ਹੈ)।
- ਉਸ ਨੂੰ ਵੱਖਰੀ ਜੇਲ੍ਹ ਵਿਚ ਵੀ ਤਬਦੀਲ ਕੀਤਾ ਜਾ ਸਕਦਾ ਹੈ।

## ਮਿਲਣ ਆਉਣ ਬਾਰੇ ਜਾਣਕਾਰੀ (ਜਾਰੀ)

**ਜੇਲ੍ਹ ਵਿਚ ਆਉਣ ਵੇਲੇ ਕਿਸ ਤਰ੍ਹਾਂ ਦੇ ਕੱਪੜੇ ਨਹੀਂ ਪਾਏ ਜਾਣੇ ਚਾਹੀਦੇ?**

- ਉਹ ਝੱਗੇ ਜਿਹੜੇ ਢਿੱਡ ਨੰਗਾ ਰੱਖਦੇ ਹਨ
- ਮਹੀਨ ਅਤੇ ਵਿਚ ਦੀ ਦਿਸਣ ਵਾਲੇ ਕੱਪੜੇ
- ਜ਼ਿਆਦਾ ਭੀੜੇ ਕੱਪੜੇ
- ਬੀਚ ਵਾਲਾ ਪਹਿਰਾਵਾ
- ਪੱਟਾਂ ਨੂੰ ਨਾ ਢਕਦੇ ਕੱਪੜੇ
- ਲੋ ਕੱਟ ਜਾਂ ਨੰਗਾਪਣ ਦਿਖਾਉਂਦੇ ਕੱਪੜੇ



**ਜੇ ਮੈਂ ਸ਼ਹਿਰੋਂ ਬਾਹਰ ਤੋਂ ਮਿਲਣ ਆ ਰਿਹਾ/ਰਹੀ ਹੋਵਾਂ ਤਾਂ ਮੈਂ ਕਿੱਥੇ ਰਹਿ ਸਕਦਾ/ਸਕਦੀ ਹਾਂ?**

- ਰਹਿਣ ਵਾਲੀਆਂ ਆਮ ਥਾਂਵਾਂ ਵਿਚ, ਜਿਵੇਂ ਕਿ ਹੋਟਲ ਇਕ ਚੋਣ ਹੋ ਸਕਦੀ ਹੈ।
- ਜੌਹਨ ਹੋਵਾਰਡ ਸੁਸਾਇਟੀ ਆਫ ਦਾ ਫਰੇਜ਼ਰ ਵੈਲੀ ਇਕ *ਫੈਮਿਲੀ ਹਾਊਸ* ਚਲਾਉਂਦੀ ਹੈ। ਇਹ ਪਰਿਵਾਰਾਂ ਅਤੇ ਦੋਸਤਾਂ ਲਈ ਥੋੜ੍ਹਾ ਸਮਾਂ ਰਿਹਾਇਸ਼ ਦੀ ਥਾਂ ਹੈ ਜਿਹੜੇ ਫੈਡਰਲ ਜੇਲ੍ਹਾਂ ਵਿਚ ਕੈਦੀਆਂ ਨਾਲ ਮੁਲਾਕਾਤ ਕਰਨ ਆ ਰਹੇ ਹਨ ਜਾਂ ਜਿਹੜੇ ਕੈਦੀ ਉਸ ਇਲਾਕੇ ਦੀ ਜੇਲ੍ਹ ਵਿਚ ਆ ਰਹੇ ਹਨ। ਇਸ ਘਰ ਵਿਚ ਦਸ ਵਿਅਕਤੀ ਰਹਿ ਸਕਦੇ ਹਨ ਅਤੇ ਇਸ ਵਿਚ ਬੱਚਿਆਂ ਲਈ ਵਾੜ ਵਾਲੀ ਪਲੇਅਗਰਾਊਂਡ ਹੈ। ਇਸ ਘਰ ਵਿਚ ਰਹਿਣਾ ਚਾਹੁਣ ਵਾਲੇ ਪਰਿਵਾਰਾਂ ਨੂੰ ਅਗਾਊਂ ਬੁਕਿੰਗ ਕਰਵਾਉਣ ਦੀ ਲੋੜ ਹੈ। ਜੌਹਨ ਹੋਵਾਰਡ ਸੁਸਾਇਟੀ ਆਫ ਦਾ ਫਰੇਜ਼ਰ ਵੈਲੀ ਨਾਲ ਸੰਪਰਕ ਕਰਨ ਬਾਰੇ ਜਾਣਕਾਰੀ ਲਈ "ਮਦਦ ਕਰਨ ਵਾਲੀਆਂ ਏਜੰਸੀਆਂ" ਨਾਂ ਦਾ ਭਾਗ ਦੇਖੋ।



ਕਿਰਪਾ ਕਰਕੇ ਨੋਟ ਕਰੋ: ਜੇ ਤੁਸੀਂ ਵਿਲੀਅਮ ਹੈੱਡ ਇੰਸਟੀਚਿਊਸ਼ਨ ਵਿਚ ਮਿਲਣ ਜਾ ਰਹੇ ਹੋ ਤਾਂ ਵੈਨਕੂਵਰ ਆਈਲੈਂਡ ਦੇ ਇਲਾਕੇ ਵਿਚ ਫੈਮਿਲੀ ਹਾਊਸ ਮੌਜੂਦ ਨਹੀਂ ਹੈ।



## ਕੁਝ ਆਮ ਪੁੱਛੇ ਜਾਂਦੇ ਸਵਾਲ (ਜਾਰੀ)

**ਕੀ ਮੈਂ ਕੈਦੀ ਲਈ ਕੋਈ ਵੀ ਨਿੱਜੀ ਚੀਜ਼ ਛੱਡ ਸਕਦਾ/ਸਕਦੀ ਹਾਂ?**

- **ਮਰਦ** ਕੈਦੀ ਆਪਣੀ *ਪੇਰੈਂਟ ਜਾਂ ਮਦਰ ਇੰਸਟੀਚਿਊਸ਼ਨ* ਵਿਚ ਪਹੁੰਚਣ ਤੋਂ ਬਾਅਦ ਸਿਰਫ ਪਹਿਲੇ 30 ਦਿਨਾਂ ਵਿਚ ਹੀ ਨਿੱਜੀ ਚੀਜ਼ਾਂ ਪ੍ਰਾਪਤ ਕਰ ਸਕਦੇ ਹਨ।
- **ਔਰਤ** ਕੈਦਣਾਂ ਉਤਨਾ ਚਿਰ ਫਰੇਜ਼ਰ ਵੈਲੀ ਇੰਸਟੀਚਿਊਟ ਵਿਚ ਨਿੱਜੀ ਚੀਜ਼ਾਂ ਨਹੀਂ ਪ੍ਰਾਪਤ ਕਰ ਸਕਦੀਆਂ ਜਿੰਨਾ ਚਿਰ ਉਹ ਆਪਣੀ ਅਸਿਸਮੈਂਟ ਦੀ ਮੁਢਲੀ ਕਾਰਵਾਈ ਪੂਰੀ ਨਹੀਂ ਕਰ ਲੈਂਦੀਆਂ।
- ਇਹ ਪਤਾ ਲਾਉਣ ਲਈ ਉਸ ਜੇਲ੍ਹ ਨਾਲ ਸੰਪਰਕ ਕਰੋ ਕਿ ਕਿਹੜੀ ਚੀਜ਼ ਦੀ ਆਗਿਆ ਹੈ।



## ਮਿਲਣ ਆਉਣ ਬਾਰੇ ਜਾਣਕਾਰੀ

**ਮੁਲਾਕਾਤਾਂ ਦੀਆਂ ਵੱਖ ਵੱਖ ਕਿਸਮਾਂ ਕਿਹੜੀਆਂ ਹਨ?**

**1. ਸਕਰੀਨਡ/ਕਲੋਜ਼ਡ ਵਿਜ਼ਟ**

- ਇਸ ਵਿਚ ਮਿਲਣ ਆਉਣ ਵਾਲੇ ਅਤੇ ਕੈਦੀ ਵਿਚਕਾਰ ਕੋਈ ਸਰੀਰਕ ਸੰਪਰਕ ਨਹੀਂ ਹੁੰਦਾ।
- ਕੈਦੀ ਅਤੇ ਮਿਲਣ ਆਉਣ ਵਾਲੇ ਦੇ ਦਰਮਿਆਨ ਇਕ ਸ਼ੀਸ਼ਾ ਹੁੰਦਾ ਹੈ ਅਤੇ ਤੁਹਾਨੂੰ ਗੱਲ ਕਰਨ ਲਈ ਫੋਨ ਦੀ ਵਰਤੋਂ ਕਰਨੀ ਪੈਂਦੀ ਹੈ।
- ਪਹਿਲਾਂ ਅਪੌਂਇੰਟਮੈਂਟ ਬਣਾਈ ਜਾਣੀ ਜ਼ਰੂਰੀ ਹੈ।



**2. ਖੁਲ੍ਹੀ**

- ਮਿਲਣ ਆਉਣ ਵਾਲਿਆਂ ਅਤੇ ਕੈਦੀ ਵਿਚਕਾਰ ਕੋਈ ਸ਼ੀਸ਼ਾ ਨਹੀਂ ਹੁੰਦਾ।
- ਪਹਿਲਾਂ ਅਪੌਂਇੰਟਮੈਂਟ ਬਣਾਈ ਜਾਣੀ ਜ਼ਰੂਰੀ ਹੈ।

**3. ਪਰਿਵਾਰ ਦੀ ਪ੍ਰਾਈਵੇਟ ਮਿਲਣੀ (ਪੀ ਐੱਫ ਵੀ)**

- ਇਹ ਮਿਲਣੀਆਂ ਸਿਰਫ ਉਦੋਂ ਹੀ ਹੋ ਸਕਦੀਆਂ ਹਨ ਜਦੋਂ **ਮਰਦ** ਕੈਦੀ ਪੈੱਨ ਪਲੇਸ ਹੋ ਜਾਂਦਾ ਹੈ ਅਤੇ ਉਸ ਨੇ ਰੀਜਨਲ ਰਿਸੈਪਸ਼ਨ ਐਂਡ ਅਸਿਸਮੈਂਟ ਸੈਂਟਰ ਛੱਡ ਦਿੱਤਾ ਹੁੰਦਾ ਹੈ। ਇਸ ਦਾ ਆਮ ਤੌਰ 'ਤੇ ਮਤਲਬ ਤਕਰੀਬਨ 60 ਦਿਨਾਂ ਦੀ ਉਡੀਕ ਹੁੰਦਾ ਹੈ।
- ਇਹ ਮਿਲਣੀਆਂ ਸਿਰਫ ਉਦੋਂ ਹੀ ਹੋ ਸਕਦੀਆਂ ਹਨ ਜਦੋਂ **ਔਰਤ** ਕੈਦਣ ਨੇ ਆਪਣੀ ਕੈਦ ਦਾ ਅਸਿਸਮੈਂਟ ਪੜਾ ਮੁਕੰਮਲ ਕਰ ਲਿਆ ਹੁੰਦਾ ਹੈ। ਇਸ ਦਾ ਆਮ ਤੌਰ 'ਤੇ ਮਤਲਬ ਤਕਰੀਬਨ 60 ਦਿਨਾਂ ਦੀ ਉਡੀਕ ਹੁੰਦਾ ਹੈ।
- ਪਰਿਵਾਰ ਦੀ ਪ੍ਰਾਈਵੇਟ ਮਿਲਣੀ ਪਰਿਵਾਰਾਂ ਲਈ ਬਣੇ ਖਾਸ ਯੂਨਿਟ ਵਿਚ ਹੁੰਦੀ ਹੈ ਜੋ ਕਿ ਜੇਲ੍ਹ ਦੇ ਅਹਾਤੇ ਵਿਚ ਹੀ ਹੁੰਦਾ ਹੈ।
- ਪਰਿਵਾਰ ਦੀ ਪ੍ਰਾਈਵੇਟ ਮਿਲਣੀਆਂ ਦੀ ਆਗਿਆ ਹਰ ਦੋ ਮਹੀਨਿਆਂ ਬਾਅਦ ਦਿੱਤੀ ਜਾ ਸਕਦੀ ਹੈ। ਹਰ ਫੇਰੀ 72 ਘੰਟਿਆਂ ਤੱਕ ਰਹਿ ਸਕਦੀ ਹੈ। ਕੋਈ ਪਰਿਵਾਰ ਕਿੰਨੀਆਂ ਪ੍ਰਾਈਵੇਟ ਪਰਿਵਾਰਕ ਫੇਰੀਆਂ ਲਾ ਸਕਦਾ ਹੈ, ਇਹ ਇਸ ਚੀਜ਼ 'ਤੇ ਨਿਰਭਰ ਹੁੰਦਾ ਹੈ ਕਿ ਕਿੰਨੀ ਥਾਂ ਮੌਜੂਦ ਹੈ।
- ਪਰਿਵਾਰ ਦੀ ਪ੍ਰਾਈਵੇਟ ਮਿਲਣੀ ਵਿਚ ਪਤਨੀ/ਪਤੀ, ਕੌਮਨ-ਲਾਅ ਪਾਰਟਨਰ, ਬੱਚੇ, ਮਾਪੇ, ਫੋਸਟਰ ਮਾਪੇ, ਭੈਣ-ਭਰਾ, ਗਰੈਂਡਪੇਰੈਂਟਸ ਅਤੇ ਪਰਿਵਾਰ ਸਮਝੇ ਜਾਣ ਵਾਲੇ ਹੋਰ ਲੋਕ ਸ਼ਾਮਲ ਹੋ ਸਕਦੇ ਹਨ।

## ਮਿਲਣ ਆਉਣ ਬਾਰੇ ਜਾਣਕਾਰੀ (ਜਾਰੀ)

**ਮੈਂ ਮਿਲਣ ਆਉਣਾ ਕਿਵੇਂ ਸ਼ੁਰੂ ਕਰ ਸਕਦਾ/ਸਕਦੀ ਹਾਂ?**



- ਇਹ *ਜ਼ਿੰਮੇਵਾਰੀ ਕੈਦੀ ਦੀ* ਹੈ ਕਿ ਉਹ ਉਨ੍ਹਾਂ ਲੋਕਾਂ ਨੂੰ ਵਿਜ਼ਟਿੰਗ ਫਾਰਮ ਡਾਕ ਰਾਹੀਂ ਭੇਜੇ ਜਿਨ੍ਹਾਂ ਨੂੰ ਉਹ ਮਿਲਣ ਆਉਣ ਵਾਲਿਆਂ ਦੀ ਲਿਸਟ 'ਤੇ ਪਾਉਣਾ ਚਾਹੁੰਦਾ ਹੈ।
- ਜੇਲ੍ਹ ਦਾ ਸਟਾਫ ਅਰਜ਼ੀ ਫਾਰਮ 'ਤੇ ਵਿਚਾਰ ਕਰੇਗਾ ਅਤੇ ਇਹ ਫੈਸਲਾ ਕਰੇਗਾ ਕਿ ਮਿਲਣ ਆਉਣ ਵਾਲੇ ਨੂੰ ਮਿਲਣ ਦੀ ਆਗਿਆ ਦੇਣੀ ਹੈ ਜਾਂ ਨਹੀਂ।
- ਜੇ ਤੁਹਾਡਾ *ਮੁਜਰਮਾਨਾ ਰਿਕਾਰਡ* ਹੈ ਤਾਂ ਇਹ ਤੁਹਾਡੇ ਮਿਲਣ ਆਉਣ 'ਤੇ ਅਸਰ ਪਾ ਜਾਂ ਨਹੀਂ ਪਾ ਸਕਦਾ ਹੈ। ਮੁਜਰਮਾਨਾ ਰਿਕਾਰਡ ਵਾਲੇ ਮਿਲਣ ਆਉਣ ਵਾਲੇ ਲੋਕਾਂ ਬਾਰੇ ਫੈਸਲੇ ਹਰ ਕੇਸ ਦੇ ਹਿਸਾਬ ਨਾਲ ਕੀਤੇ ਜਾਂਦੇ ਹਨ।
- ਖੂਨ ਦੇ ਰਿਸ਼ਤੇ ਵਾਲੇ ਨੇੜੇ ਦੇ ਰਿਸ਼ਤੇਦਾਰਾਂ, ਪਤਨੀਆਂ, ਕੌਮਨ ਲਾਅ ਪਤਨੀਆਂ, ਪਤੀਆਂ, ਅਤੇ ਕੌਮਨ-ਲਾਅ ਪਤੀਆਂ ਨੂੰ ਉਦੋਂ ਮਿਲਣ ਦੀ ਆਗਿਆ ਦਿੱਤੀ ਜਾਵੇਗੀ ਜਦੋਂ ਉਹ ਆਪਣੀ ਅਰਜ਼ੀ ਦਾ ਫੈਸਲਾ ਹੋਣ ਦੀ ਉਡੀਕ ਕਰ ਰਹੇ ਹੁੰਦੇ ਹਨ।
- ਅਪਲਾਈ ਕਰਨ ਲਈ ਤੁਹਾਡੀ ਉਮਰ ਉੱਨੀ ਸਾਲ ਹੋਣੀ ਜ਼ਰੂਰੀ ਹੈ।
- ਜੇ ਤੁਹਾਡੀ ਉਮਰ ਉੱਨੀ ਸਾਲ ਤੋਂ ਘੱਟ ਹੈ ਤਾਂ ਤੁਹਾਡਾ ਨਾਂ ਤੁਹਾਡੇ ਕਾਨੂੰਨੀ ਗਾਰਡੀਅਨ ਦੇ ਅਰਜ਼ੀ ਫਾਰਮ 'ਤੇ ਲਿਖਿਆ ਜਾਣਾ ਚਾਹੀਦਾ ਹੈ।
- ਸਾਰੀਆਂ ਮੁਲਾਕਾਤਾਂ ਲਈ ਸਮਾਂ ਪਹਿਲਾਂ ਨਿਸ਼ਚਤ ਕੀਤਾ ਜਾਣਾ ਜ਼ਰੂਰੀ ਹੈ।
- ਜੇ ਕੋਈ ਕੈਦੀ ਇਕ ਜੇਲ੍ਹ ਵਿੱਚੋਂ ਦੂਜੀ ਜੇਲ੍ਹ ਵਿਚ ਚਲਾ ਜਾਂਦਾ ਹੈ ਤਾਂ *ਉਸ ਨੂੰ ਮਿਲਣ ਆਉਣ ਵਾਲਿਆਂ ਦੀ ਲਿਸਟ ਵੀ ਉਸ ਦੇ ਨਾਲ ਹੀ ਚਲੀ ਜਾਂਦੀ ਹੈ।* ਤੁਹਾਨੂੰ ਦੁਬਾਰਾ ਅਪਲਾਈ ਕਰਨ ਦੀ ਲੋੜ ਨਹੀਂ ਹੈ।

**ਮਿਲਣ ਆਉਣ ਦੌਰਾਨ ਮੈਂ ਕੀ ਉਮੀਦ ਰੱਖ ਸਕਦਾ/ਸਕਦੀ ਹਾਂ?**

ਜੇਲ੍ਹ ਵਿਚ ਮਿਲਣ ਜਾਣ ਵੇਲੇ ਤੁਸੀਂ ਇਨ੍ਹਾਂ ਕੁਝ ਚੀਜ਼ਾਂ ਦੀ ਉਮੀਦ ਰੱਖ ਸਕਦੇ ਹੋ:

- ਜਦੋਂ ਤੁਸੀਂ ਜੇਲ੍ਹ ਨੂੰ ਜਾਂਦੇ ਹੋ ਤਾਂ ਤੁਸੀਂ ਦਸਖਤ ਕਰੋਗੇ ਅਤੇ ਆਪਣੀਆਂ ਸਾਰੀਆਂ ਚੀਜ਼ਾਂ ਲੌਕਰ ਵਿਚ ਰੱਖੋਗੇ।
- ਆਪਣੀ ਪਛਾਣ ਕਰਵਾਉਂਦੀਆਂ ਘੱਟੋ ਘੱਟ ਦੋ ਆਈ ਡੀਜ਼ ਦਿਖਾਉ, ਅਤੇ ਇਨ੍ਹਾਂ ਵਿੱਚੋਂ ਇਕ 'ਤੇ ਫੋਟੋ, ਜਨਮ ਦੀ ਤਰੀਕ ਅਤੇ ਦਸਖਤ ਹੋਣੇ ਜ਼ਰੂਰੀ ਹਨ। ਇਸ ਵਿਚ ਡਰਾਈਵਿੰਗ ਦਾ ਲਾਇਸੰਸ, ਸੂਬਾਈ ਪਛਾਣ-ਪੱਤਰ ਅਤੇ ਪਾਸਪੋਰਟ ਸ਼ਾਮਲ ਹਨ। ਪਛਾਣ ਕਰਵਾਉਣ ਵਾਲੀ ਦੂਜੀ ਚੀਜ਼ ਸੂਬਾਈ ਮੈਡੀਕਲ ਕਾਰਡ ਜਾਂ ਤੁਹਾਡਾ ਸੋਸ਼ਲ ਇਨਸ਼ੋਰੈਂਸ ਨੰਬਰ ਹੋ ਸਕਦਾ ਹੈ।
- ਤੁਹਾਡੇ ਵਲੋਂ ਲਿਆਂਦੀ ਗਈ ਕਿਸੇ ਵੀ ਚੀਜ਼ ਨੂੰ ਐਕਸਰੇ ਵਿਚ ਦੇਖਿਆ ਜਾਵੇਗਾ ਅਤੇ ਇਸ ਵਿਚ ਡਰੱਗ ਦੇਖਣ ਲਈ ਇਸ ਨੂੰ ਸਕੈਨ ਕੀਤਾ ਜਾ ਸਕਦਾ ਹੈ। ਤੁਹਾਨੂੰ ਮੈਟਲ ਡਿਟੈਕਟਰ ਵਿਚ ਦੀ ਲੰਘਣ ਲਈ ਆਖਿਆ ਜਾਵੇਗਾ।
- ਹਰ ਜੇਲ੍ਹ ਕੋਲ ਨਸ਼ਿਆਂ ਦਾ ਪਤਾ ਲਾਉਣ ਵਾਲਾ ਕੁੱਤਾ ਹੁੰਦਾ ਹੈ, ਇਸ ਕਰਕੇ ਤੁਹਾਨੂੰ ਅੰਦਰ ਦਰਵਾਜ਼ੇ ਕੋਲ ਕੁੱਤਾ ਵੀ ਦਿਖਾਈ ਦੇ ਸਕਦਾ ਹੈ।
- ਸਾਰੇ ਮੁਲਾਕਾਤੀਆਂ ਦਾ *ਆਇਨ ਸਕੈਨ* ਚੈੱਕ ਕੀਤਾ ਜਾ ਸਕਦਾ ਹੈ। ਇਹ ਚੈੱਕ ਮੁਲਾਕਾਤੀ ਦੇ ਕੱਪੜਿਆਂ ਵਿਚ ਨਜ਼ਾਇਜ਼ ਚੀਜ਼ਾਂ ਦਾ ਪਤਾ ਲਾ ਸਕਦਾ ਹੈ। ਇਸ ਕੇਸ ਵਿਚ, ਨਜ਼ਾਇਜ਼ ਚੀਜ਼ ਕੋਈ ਵੀ ਗੈਰਕਾਨੂੰਨੀ ਨਸ਼ਾ ਹੋ ਸਕਦਾ ਹੈ।



## ਮਿਲਣ ਆਉਣ ਬਾਰੇ ਜਾਣਕਾਰੀ (ਜਾਰੀ)

**ਮਿਲਣ ਆਉਣ ਦੌਰਾਨ ਮੈਂ ਕੀ ਉਮੀਦ ਰੱਖ ਸਕਦਾ/ਸਕਦੀ ਹਾਂ? (ਜਾਰੀ)**

- ਮੁਲਾਕਾਤ ਵਾਲੇ ਕਮਰਿਆਂ 'ਤੇ ਮਨੁੱਖੀ ਅਤੇ ਯੰਤਰਾਂ ਨਾਲ ਨਿਗਰਾਨੀ ਰੱਖੀ ਜਾਂਦੀ ਹੈ। ਇਸ ਕਰਕੇ ਇਸ ਗੱਲ ਤੋਂ ਸੁਚੇਤ ਰਹੋ ਕਿ ਹਰ ਚੀਜ਼ ਰਿਕਾਰਡ ਕੀਤੀ ਜਾ ਸਕਦੀ ਹੈ।
- *ਜੇ ਤੁਸੀਂ ਮਿਲਣ ਆਉਣ ਬਾਰੇ ਜੇਲ੍ਹ ਦਾ ਕੋਈ ਵੀ ਨਿਯਮ ਤੋੜਦੇ ਹੋ ਤਾਂ ਤੁਹਾਨੂੰ ਭਵਿੱਖ ਵਿਚ ਮਿਲਣ ਆਉਣ ਤੋਂ ਨਾਂਹ ਕੀਤੀ ਜਾ ਸਕਦੀ ਹੈ, ਜਾਂ ਤੁਹਾਨੂੰ ਅਤੇ ਕੈਦੀ ਨੂੰ ਸਿਰਫ ਬੰਦਸ਼ਾਂ ਵਾਲੀ ਮੁਲਾਕਾਤ ਦੀ ਆਗਿਆ ਮਿਲ ਸਕਦੀ ਹੈ।*

**ਆਇਨ ਸਕੈਨਰ ਕੀ ਹੈ?**

- ਆਇਨ ਸਕੈਨਰ ਮਿਲਣ ਆਉਣ ਵਾਲੇ 'ਤੇ ਕਿਸੇ ਨਸ਼ੇ ਦੀ ਰਹਿੰਦ-ਖੂੰਹਦ ਚੈੱਕ ਕਰਨ ਲਈ ਵਰਤਿਆ ਜਾਂਦਾ ਹੈ।
- ਕਈ ਸੰਭਵ ਤੌਰ 'ਤੇ ਅਜਿਹੀਆਂ ਚੀਜ਼ਾਂ (ਜਿਵੇਂ ਕਿ ਪੈਸੇ) ਨਾਲ ਸੰਪਰਕ ਕੀਤਾ ਗਿਆ ਹੋ ਸਕਦਾ ਹੈ ਜਿਹੜੀਆਂ ਨਸ਼ਿਆਂ ਦੇ ਸੰਪਰਕ ਵਿਚ ਆਈਆਂ ਹੋ ਸਕਦੀਆਂ ਹਨ।
- ਆਇਨ ਸਕੈਨਰ ਦੇ ਬੋਲਣ ਤੋਂ ਬਚਣ ਲਈ ਜਿਹੜੀ ਸੱਭ ਤੋਂ ਬਿਹਤਰ ਚੀਜ਼ ਤੁਸੀਂ ਕਰ ਸਕਦੇ ਹੋ ਉਹ ਇਹ ਪੱਕਾ ਕਰਨਾ ਹੈ ਕਿ ਤੁਸੀਂ ਸਾਫ ਹੋ (ਸ਼ਾਵਰ ਲਿਆ ਹੋਵੇ ਅਤੇ ਵਾਲ ਧੋਤੇ ਹੋਣ), ਅਤੇ ਸਾਫ ਕੱਪੜੇ ਪਾਏ ਹੋਏ ਹਨ।
- ਮਿਲਣ ਆਉਣ ਤੋਂ ਪਹਿਲਾਂ ਨਸ਼ਿਆਂ ਦੀ ਵਰਤੋਂ ਨਾ ਕਰੋ, ਜਾਂ ਜੇਲ੍ਹ ਵਿਚ ਨਸ਼ੇ ਲਿਆਉਣ ਦੀ ਕੋਸ਼ਿਸ਼ ਨਾ ਕਰੋ।

**ਕੀ ਮੈਨੂੰ ਅੰਦਰ ਆਉਣ ਤੋਂ ਨਾਂਹ ਕੀਤੀ ਜਾ ਸਕਦੀ ਹੈ?**

ਹਾਂ, ਮਿਲਣ ਆਉਣ ਵਾਲਿਆਂ ਨੂੰ ਕਈ ਵੱਖਰੇ ਕਾਰਨਾਂ ਕਰਕੇ ਜੇਲ੍ਹ ਵਿਚ ਦਾਖਲ ਹੋਣ ਤੋਂ ਨਾਂਹ ਕੀਤੀ ਜਾ ਸਕਦੀ ਹੈ ਜਿਸ ਵਿਚ ਇਹ ਕਾਰਨ ਸ਼ਾਮਲ ਹਨ:

| | |
|---|---|
| ਸਕਿਉਰਟੀ ਫਿਕਰ | ਗੜਬੜ ਕਰਨ ਵਾਲਾ ਵਤੀਰਾ |
| ਤਲਾਸ਼ੀ ਦੇਣ ਤੋਂ ਨਾਂਹ | ਬਦਜ਼ਬਾਨ ਵਤੀਰਾ |
| ਐਮਰਜੰਸੀ ਹਾਲਤਾਂ/ਲੌਕਡਾਊਨ | ਅਢੁਕਵੀਂ ਪਛਾਣ |
| ਕਿਸੇ ਚੀਜ਼ ਦੇ ਅਸਰ ਥੱਲੇ ਹੋਣਾ | ਬੇਮੌਕਾ ਪਹਿਰਾਵਾ |
| ਕੈਦੀ ਵਲੋਂ ਤੁਹਾਨੂੰ ਮਿਲਣ ਤੋਂ ਨਾਂਹ | |

**ਜੇ ਮੈਨੂੰ ਅੰਦਰ ਆਉਣ ਤੋਂ ਨਾਂਹ ਕਰ ਦਿੱਤੀ ਜਾਵੇ ਤਾਂ ਮੈਂ ਕੀ ਕਰ ਸਕਦਾ/ਸਕਦੀ ਹਾਂ?**



- ਜੇ ਤੁਹਾਨੂੰ ਇਸ ਕਰਕੇ ਅੰਦਰ ਨਹੀਂ ਵੜਣ ਦਿੱਤਾ ਗਿਆ ਕਿਉਂਕਿ ਤੁਸੀਂ ਜੇਲ੍ਹ ਦੇ ਨਿਯਮ ਤੋੜੇ ਸਨ ਤਾਂ ਤੁਹਾਨੂੰ ਭਵਿੱਖ ਵਿਚ ਵੀ ਅੰਦਰ ਆਉਣ ਤੋਂ ਨਾਂਹ ਕੀਤੀ ਜਾ ਸਕਦੀ ਹੈ। ਵਿਜ਼ਟਰਜ਼ ਸਕਰੀਨਿੰਗ ਬੋਰਡ ਮੁਲਾਕਾਤੀ/ਕੈਦੀ ਨੂੰ ਬੰਦਸ਼ਾਂ ਵਾਲੀਆਂ ਮੁਲਾਕਾਤਾਂ ਵਿਚ ਪਾ ਸਕਦਾ ਹੈ।
- ਜੇ ਤੁਹਾਨੂੰ ਲੌਕਡਾਊਨ ਕਰਕੇ ਅੰਦਰ ਨਹੀਂ ਆਉਣ ਦਿੱਤਾ ਗਿਆ ਤਾਂ ਤੁਸੀਂ ਕਿਸੇ ਹੋਰ ਵੇਲੇ ਮੁੜ ਕੇ ਆ ਸਕਦੇ ਹੋ।
- ਜੇ ਤੁਹਾਨੂੰ ਅੰਦਰ ਆਉਣ ਤੋਂ ਨਾਂਹ ਕੀਤੀ ਗਈ ਹੈ ਤਾਂ ਇਹ ਪਤਾ ਲਾਉਣ ਲਈ ਜੇਲ੍ਹ ਨਾਲ ਸੰਪਰਕ ਕਰੋ ਕਿ ਤੁਹਾਨੂੰ ਕੀ ਕਰਨਾ ਚਾਹੀਦਾ ਹੈ।